## ਅਧਿਆਇ 12

# ਕਨਾਨ ਨੂੰ ਜਾਣ ਦੇ ਲਈਅਬਰਾਹਾਮ ਦੀ ਬੁਲਾਹਟ

ਸੰਸਾਰ ਵਿੱਚ ਪਾਪ ਦੇ ਬਿਰਤਾਂਤਾਂ ਅਤੇ ਜਲ ਪਰਲੋ ਦੇ ਰੂਪ ਵਿੱਚ ਪਰਮੇਸ਼ੁਰ ਦੀ ਸਜ਼ਾ ਤੋਂ ਬਾਅਦ (ਅਧਿਆਇ 1–11), ਉਤਪਤ ਦਾ ਦੂਜਾ ਵੱਡਾ ਭਾਗ ਵਿੱਚ ਕੇਂਦਰ ਬਿੰਦੂ ਸੀਮਤ ਹੈ (ਅਧਿਆਇ 12–50)। ਯਹੋਵਾਹ ਨੇ ਉਸ ਸਰਾਪ ਨੂੰ ਪਲਟਣ ਦੇ ਲਈ ਜੋ ਉਸ ਨੇ ਬਾਗ ਵਿੱਚ ਮਨੁੱਖਜਾਤੀ ਦੀ ਬਗਾਵਤ ਦੇ ਕਾਰਣ ਮਨੁੱਖਜਾਤੀ ਨੂੰ ਦਿੱਤਾ ਸੀ ਆਪਣੀ ਯੋਜਨਾ ਨੂੰ ਲਾਗੂ ਕਰਨਾ ਸ਼ੁਰੂ ਕੀਤਾ। ਉਸ ਨੇ ਇਸਰਾਏਲ ਦੀ ਕੌਮ, ਆਪਣੇ ਨੇਮ ਦੇ ਲੋਕਾਂ ਨੂੰ ਸਥਾਪਤ ਕਰਨ ਦੇ ਲਈ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਰਾਹੀਂ ਕੰਮ ਕਰਨਾ ਸ਼ੁਰੂ ਕੀਤਾ ਸੀ। ਇਸ ਵੰਸ਼ ਵਿੱਚੋਂ, ਅੰਤ ਵਿੱਚ ਮਸੀਹਾ (ਉਸ ਦੀ ਮਨੁੱਖੀ ਵੰਸ਼ਾਵਲੀ ਅਨੁਸਾਰ) ਨਿੱਕਲੇਗਾ।

ਅਧਿਆਇ 12 ਅਬਰਾਹਾਮ ਨੂੰ ਦਿੱਤੀ ਪਰਮੇਸ਼ੁਰ ਦੀ ਬੁਲਾਹਟ ਅਤੇ ਸ਼ੁਰੂ-ਸ਼ੁਰੂ ਵਿੱਚ ਉਸ ਨਾਲ ਕੀਤੇ ਗਏ ਵਾਅਦਿਆਂ ਦੇ ਬਾਰੇ ਦੱਸਦਾ ਹੈ। ਇਹ ਅਧਿਆਇ ਉਸ ਬੁਲਾਹਟ ਪ੍ਰਤੀ ਅਬਰਾਹਾਮ ਦੇ ਅਨੁਕੂਲ ਜਵਾਬ ਅਤੇ ਵਾਅਦੇ ਦੀ ਧਰਤੀ, ਕਨਾਨ ਵਿੱਚ ਉਸ ਦੇ ਪਹੁੰਚਣ ਬਾਰੇ ਵੀ ਦੱਸਦਾ ਹੈ। ਅਧਿਆਇ ਦਾ ਅੰਤ ਇਹ ਸੰਕੇਤ ਦਿੰਦਾ ਹੈ ਕਿ ਅਕਾਲ ਦੇ ਕਾਰਣ, ਅਬਰਾਹਾਮ ਮਿਸਰ ਵਿੱਚ ਗਿਆ। ਪੁਰਖੇ ਦੇ ਧੋਖੇ ਦੇ ਬਾਵਜੂਦ, ਪਰਮੇਸ਼ੁਰ ਨੇ ਉਸ ਦੇ ਪਰਿਵਾਰ ਨੂੰ ਬਚਾਇਆ ਅਤੇ ਰੱਬੀ ਵਾਅਦਿਆਂ ਦੀ ਰੱਖਿਆ ਕੀਤੀ।

## ਅਬਰਾਹਾਮ ਦੀ ਬੁਲਾਹਟ (12:1-3)

**[1]ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ, ਤੂੰ ਆਪਣੇ ਦੇਸ ਤੋਂ, ਅਰ ਆਪਣੇ ਸਾਕਾਂ ਤੋਂ ਅਰ ਆਪਣੇ ਪਿਤਾ ਦੇ ਘਰੋਂ ਉਸ ਦੇਸ ਨੂੰ ਜੋ ਮੈਂ ਤੈਨੂੰ ਵਿਖਾਵਾਂਗਾ ਨਿੱਕਲ ਤੁਰ। [2]ਅਤੇ ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ, ਅਰ ਮੈਂ ਤੈਨੂੰ ਅਸੀਸ ਦਿਆਂਗਾ, ਅਰ ਮੈਂ ਤੁਰਾ ਨਾਉਂ ਵੱਡਾ ਕਰਾਂਗਾ, ਅਰ ਤੂੰ ਬਰਕਤ ਦਾ ਕਾਰਨ ਹੋ। [3]ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ, ਅਤੇ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ ਅਤੇ ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ।**

**ਆਇਤ 1.** ਉਤਪਤ ਦੇ ਲੇਖਕ ਨੇ ਕਲਪਨਾ ਕੀਤੀ ਸੀ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ ਪਹਿਲਾਂ ਵੀ ਸੱਦਿਆ ਸੀ (ਵੇਖੋ 11:31): ਉਸ ਨੇ ਉਸ ਨੂੰ ਦੱਖਣੀ ਮਸੋਪੋਤਾਮੀਆ ਵਿੱਚ ਪ੍ਰਾਚੀਨ ਊਰ ਵਿੱਚੋਂ ਬਾਹਰ ਸੱਦਿਆ ਸੀ। ਇਹ ਉਤਪਤ 15:7 ਦੇ ਨਾਲ-ਨਾਲ ਨਹਮਯਾਹ 9:7 ਅਤੇ ਰਸੂਲਾਂ ਦੇ ਕਰਤੱਬ 7:2-4 ਵਿੱਚ ਦੱਸਿਆ ਗਿਆ ਹੈ। ਜਿਸ ਸਮੇਂ ਯਹੋਵਾਹ ਨੇ ਅਬਰਾਹਾਮ ਨੂੰ ਹਾਰਾਨ ਨੂੰ ਛੱਡਣ ਦੇ ਲਈ ਬੁਲਾਇਆ ਸੀ, ਪੁਰਖੇ ਨੂੰ ਉੱਥੇ ਰਹਿੰਦਿਆਂ ਕਈ ਸਾਲ ਹੋ ਚੁੱਕੇ ਸਨ

ਅਤੇ ਉਹ ਇਸ ਨੂੰ ਆਪਣਾ ਦੇਸ ਹੀ ਸਮਝਦਾ ਸੀ। ਇਸ ਲਈ, **ਅਬਰਾਮ** ਦੇ ਲਈ ਰੱਬੀ ਹੁਕਮ ਆਪਣੇ **ਦੇਸ**, ਆਪਣੇ **ਸਾਕਾਂ** ਅਤੇ ਆਪਣੇ **ਪਿਤਾ ਦੇ ਘਰ** ਨੂੰ ਛੱਡ ਨੂੰ ਛੱਡ ਕੇ **ਉਸ ਦੇਸ ਨੂੰ ਜਾਣ** ਦਾ ਸੀ ਜੋ ਯਹੋਵਾਹ ਉਸ ਨੂੰ **ਵਿਖਾਵੇਗਾ**। ਇਸ ਬੁਲਾਹਟ ਵਿੱਚ, ਅਬਰਾਹਾਮ ਦੇ ਕੂਚ ਸੰਬੰਧੀ ਪਰਮੇਸ਼ੁਰ ਦੀਆਂ ਹਦਾਇਤਾਂ ਵਿਸਤਰਤ ਸਨ। ਬੁਲਾਹਟ ਦੀ ਸ਼ਬਦਾਵਲੀ ਸਧਾਰਣ ਤੋਂ ਵਿਸ਼ੇਸ਼ ਵੱਲ ਚਲੀ ਗਈ ਜੋ ਪਰਿਵਾਰਕ ਸੰਬੰਧਾਂ ਤੋਂ ਪੂਰਨ ਵਿਛੋੜੇ ਵੱਲ ਇਸ਼ਾਰਾ ਕਰ ਰਿਹਾ ਹੈ। ਸਭ ਤੋਂ ਪਹਿਲੀ ਗੱਲ, ਉਸ ਦੇ "ਦੇਸ" ਵਿੱਚ ਹਾਰਾਨ ਦੇ ਆਲੇ-ਦੁਆਲੇ ਦਾ ਸਾਰ ਇਲਾਕਾ ਸ਼ਾਮਲ ਸੀ। ਦੂਜੀ ਗੱਲ, ਉਸ ਦੇ "ਸਾਕ" ਉਸ ਵੱਡੇ ਕੌਮੀ ਸਮੂਹ ਨੂੰ ਦਰਸਾਉਂਦਾ ਸੀ ਜਿਸ ਦੇ ਵਿੱਚੋਂ ਉਹ ਆਇਆ ਸੀ। ਅੰਤ ਵਿੱਚ, ਉਸ ਦੇ "ਪਿਤਾ ਦਾ ਘਰ" ਤਾਰਹ ਦੇ ਵੱਡੇ ਪਰਿਵਾਰ ਵੱਲ ਇਸ਼ਾਰਾ ਕਰਦਾ ਸੀ, ਜਿਸ ਨੂੰ 11:27-32 ਦੀ ਵੰਸ਼ਾਵਲੀ ਵਿੱਚ ਪਛਾਣਿਆ ਗਿਆ ਹੈ। ਉਸ ਦੇ ਦੇਸ, ਸਾਕਾਂ ਅਤੇ ਪਿਤਾ ਦੇ ਘਰ ਨੂੰ ਛੱਡਣ ਦਾ ਅਰਥ ਇਹ ਸੀ ਕਿ ਅਬਰਾਹਾਮ ਨੂੰ ਉੱਤਰਧਿਕਾਰ ਦੇ ਸਾਰੇ ਹੱਕ ਤਿਆਗਣੇ ਪੈਣੇ ਸੀ ਜਿਸ ਦੇ ਵਿੱਚ ਉਸ ਦੇ ਪਰਿਵਾਰ ਦੀ ਜਾਇਦਾਦ ਵੀ ਸ਼ਾਮਲ ਜੋ ਸਕਦੀ ਹੈ।

"ਜਾਣ" ਦਾ ਹੁਕਮ ਨਿੱਜ-ਵਾਚਕ ਪੜਨਾਂਵ (לֶךְ־לְךָ, *ਲੇਕ-ਲੇਕਾ*) ਦੀ ਵਰਤੋਂ ਦੁਆਰਾ ਜ਼ੋਰਦਾਰ ਬਣਾਇਆ ਗਿਆ ਹੈ, ਇਸ ਲਈ ਇਸ ਕਥਨ ਦਾ ਸ਼ਾਬਦਿਕ ਤੌਰ ਤੇ ਅਰਥ ਹੈ "ਖੁਦ ਜਾਹ।"[1] ਇਹ ਅਬਰਾਹਾਮ ਦੇ ਲਈ ਇੱਕ ਤਾਕੀਦ ਸੀ ਕਿ ਹਾਲਾਂਕਿ ਪਹਿਲੀ ਬੁਲਾਹਟ ਵਿੱਚ ਊਰ ਵਿੱਚ ਪਰਮੇਸ਼ੁਰ ਨੇ ਉਸ ਨੂੰ ਉਸ ਦੇ ਸਾਕਾਂ ਨੂੰ ਛੱਡਣ ਦੇ ਲਈ ਕਿਹਾ ਸੀ, ਪਰ ਫਿਰ ਵੀ ਉਹ ਹਾਰਾਨ ਤੱਕ ਉਸ ਦੇ ਨਾਲ ਗਏ। ਇਸ ਹੁਕਮ ਦਾ ਅਨੁਵਾਦ ਸਗੋਂ ਹੋਰ ਵੀ ਸੰਖੇਪ ਰੂਪ ਵਿੱਚ "ਖੁਦ ਜਾਹ" ਵਜੋਂ ਕੀਤਾ ਜਾ ਸਕਦਾ ਸੀ।[2] ਇਸ ਵੇਰਵੇ ਨੇ ਪੁਰਖੇ ਨੂੰ ਇਸ ਘੋਸ਼ਣਾ ਦੇ ਲਈ ਤਿਆਰ ਕੀਤਾ ਹੋਵੇਗਾ ਕਿ ਉਸ ਦੀ ਮੰਜ਼ਿਲ ਉਹ ਦੇਸ ਸੀ ਜਿਸ ਨੂੰ ਪਰਮੇਸ਼ੁਰ "ਵੱਡੀ ਕੌਮ" ਦੇ ਲਈ ਬਚਾ ਕੇ ਰੱਖ ਰਿਹਾ ਸੀ ਜੋ ਉਸ ਦੇ ਵਿੱਚੋਂ ਨਿੱਕਲੇਗੀ (12:2, 7)।

ਇਸ ਤੋਂ ਇਲਾਵਾ, ਇਸ ਹੁਕਮ ਦਾ ਅਰਥ ਇਹ ਸੀ ਕਿ ਪਰਮੇਸ਼ੁਰ ਨੇ ਅਬਰਾਹਾਮ ਤੋਂ ਇਹ ਉਮੀਦ ਕੀਤੀ ਸੀ ਕਿ ਉਹ ਆਪਣੇ ਸਾਕਾਂ ਤੋਂ ਪੂਰੀ ਤਰ੍ਹਾਂ ਆਪਣਾ ਨਾਤਾ ਤੋੜ ਦੇਵੇ ਤਾਂ ਜੋ ਉਹ ਪਰਿਵਾਰ ਦੇ ਦਬਾਵਾਂ ਜਾਂ ਧਿਆਨ ਖਿੱਚਣ ਵਾਲੀਆਂ ਗੱਲਾਂ ਤੋਂ ਪਰੇ ਇੱਕ ਪਰਮੇਸ਼ੁਰ ਦੇ ਜਨ ਦੇ ਰੂਪ ਵਿੱਚ ਆਪਣੀ ਖੁਦ ਦੀ ਇੱਕ ਪਛਾਣ ਬਣਾ ਸਕੇ। ਉਸ ਦੇ ਜੀਵਨ ਵਿੱਚ ਰੱਬੀ ਯੋਜਨਾ ਤਦ ਹੀ ਪੂਰੀ ਹੋ ਸਕਦੀ ਸੀ ਜੇਕਰ ਅਬਰਾਹਾਮ ਆਗਿਆਕਾਰੀ ਨਿਹਚਾ ਦੇ ਰਾਹੀਂ ਚੱਲਦਾ – ਯਹੋਵਾਹ ਤੇ ਨਿਹਚਾ ਜੋ ਕਿ ਉਸ ਦਾ ਨਕਸ਼ਾ ਸੀ, ਭਰੋਸਾ ਕਰਦਾ ਅਤੇ ਵਾਅਦੇ ਦੇ ਦੇਸ ਤੀਕ ਉਸ ਦੇ ਪਿੱਛੇ-ਪਿੱਛੇ ਚੱਲਦਾ ਰਹਿੰਦਾ। ਇਬਰਾਨੀਆਂ ਦੇ ਲੇਖਕ ਨੇ ਟਿੱਪਣੀ ਕੀਤੀ ਹੈ, "ਨਿਹਚਾ ਨਾਲ . . . ਭਾਵੇਂ ਉਹ ਨਹੀਂ ਸੀ ਜਾਣਦਾ ਭਈ ਮੈਂ ਕਿੱਧਰ ਨੂੰ ਲਗਾ ਜਾਂਦਾ ਹਾਂ ਤਾਂ ਵੀ ਨਿੱਕਲ ਤੁਰਿਆ" (ਇਬਰਾਨੀਆਂ 11:8)।

**ਆਇਤ 2.** ਪਰਮੇਸ਼ੁਰ ਨੇ ਛੇ-ਸਤਹੀ ਵਾਅਦੇ ਨਾਲ ਰੱਬੀ ਬੁਲਾਹਟ ਦਾ ਸਮਰਥਨ ਕੀਤਾ ਸੀ ਅਤੇ ਉਸ ਨੇ ਅਬਰਾਹਾਮ ਨੂੰ ਇਹ ਕਹਿੰਦੇ ਹੋਏ ਸ਼ੁਰੂਆਤ ਕੀਤੀ ਸੀ, **ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ** (ਵੇਖੋ 18:18; 21:18; 46:3)। ਇਸ ਵਾਅਦੇ ਤੇ ਪਰਤੀਤ ਕਰਨਾ ਸਭ ਤੋਂ ਜ਼ਿਆਦਾ ਮੁਸ਼ਕਲ ਰਿਹਾ ਹੋਵੇਗਾ ਕਿਉਂਕਿ ਪੁਰਖਾ ਪਹਿਲਾਂ ਤੋਂ ਹੀ ਪਝੱਤਰ ਸਾਲਾਂ ਦਾ ਸੀ ਅਤੇ ਉਸ ਦੀ ਪਤਨੀ ਬਾਂਝ ਸੀ ਅਤੇ ਪੈਂਠ ਸਾਲਾਂ ਦੀ ਸੀ; ਉਹ ਗਰਭਵਤੀ ਨਹੀਂ ਸੀ ਹੋਈ ਅਤੇ ਹੁਣ ਤੱਕ ਇੱਕ ਬੱਚੇ ਨੂੰ ਵੀ ਜਨਮ ਨਹੀਂ ਸੀ ਦੇ ਸਕੀ (11:30)। ਇਹ ਬੁਲਾਹਟ ਹਰੇਕ ਚੀਜ਼ ਵਿੱਚ "ਅਣਡਿੱਠ" (ਦੇਸ) ਅਤੇ "ਅਜੇ ਅਣਡਿੱਠ" (ਅੰਸ) ਵਿੱਚ ਨਿਹਚਾ ਦੀ ਮੰਗ ਕਰਦੀ ਸੀ ਜੋ ਪਰਮੇਸ਼ੁਰ ਨੇ ਅਬਰਾਹਾਮ ਨੂੰ ਦੇਣ ਦਾ ਵਾਇਦਾ ਕੀਤਾ ਸੀ (ਵੇਖੋ ਇਬਰਾਨੀਆਂ 11:1,

6-10; NJB)।

ਅਬਰਾਹਾਮ ਨੂੰ ਇਹ ਵਾਇਦਾ ਦੇਣ ਤੋਂ ਬਾਅਦ ਕਿ ਮੈਂ ਤੈਨੂੰ "ਇੱਕ ਵੱਡੀ ਕੌਮ ਬਣਾਵਾਂਗਾ," ਯਹੋਵਾਹ ਨੇ ਉਸ ਨੂੰ ਇੱਕ ਵਾਇਦਾ ਦਿੱਤਾ ਜੋ ਸੁਭਾਅ ਵਿੱਚ ਆਮ ਸੀ: **ਮੈਂ ਤੈਨੂੰ ਅਸੀਸ ਦਿਆਂਗਾ**। 2 ਅਤੇ 3 ਆਇਤਾਂ ਵਿੱਚ, ਅਸੀਸ ਦਾ ਵਾਇਦਾ ਮਹੱਤਵਪੂਰਣ ਹੈ। ਪੰਜ ਵਾਰ, ਇਸ ਸ਼ਬਦ ਦੀ ਜਾਂ ਤਾਂ ਕਿਰਿਆ ਜਾਂ ਨਾਂਵ ਦੇ ਰੂਪ ਵਿੱਚ ਵਰਤੋਂ ਕੀਤੀ ਗਈ ਹੈ। "ਅਸੀਸ ਦਿਆਂਗਾ" (בָּרַךְ, *ਬਾਰਾਕ*) ਕਿਰਿਆ ਪੁਰਾਣੇ ਨੇਮ ਵਿੱਚ ਕਿਸੇ ਹੋਰ ਪੁਸਤਕ ਨਾਲੋਂ ਉਪਤਪ ਦੀ ਪੁਸਤਕ ਵਿੱਚ ਜ਼ਿਆਦਾ ਵਾਰ ਪਾਈ ਜਾਂਦੀ ਹੈ। ਸੰਦਰਭ ਦੇ ਅਧਾਰ ਤੇ, ਇਹ ਇਸ ਗੱਲ ਦੀ ਪ੍ਰਤੀਕ ਹੈ ਕਿ ਪਰਮੇਸ਼ੁਰ ਬਹੁਤ ਸਾਰੇ ਵੱਖ-ਵੱਖ ਤਰੀਕਿਆਂ ਨਾਲ ਆਪਣੇ ਲੋਕਾਂ ਨੂੰ ਅਸੀਸ ਦੇਣਾ ਚੁਣਦਾ ਹੈ, ਜਿਵੇਂ ਕਿ ਖੁਸ਼ਹਾਲੀ, ਤੰਦਰੁਸਤੀ, ਲੰਬਾ ਜੀਵਨ, ਸ਼ਾਂਤੀ, ਚੰਗੀ ਫਸਲ, ਬੱਚੇ ਪੈਦਾ ਕਰਨ ਦੇ ਲਈ ਉਪਜਾਊਪਣ ਆਦਿ।

ਜਦਕਿ ਦੂਜਾ ਕਥਨ ਇੱਕ ਸਧਾਰਣ ਅਸੀਸ ਸੀ, ਪਰਮੇਸ਼ੁਰ ਨੇ ਕਿਹਾ, **ਅਰ ਮੈਂ ਤੇਰਾ ਨਾਉਂ ਵੱਡਾ ਕਰਾਂਗਾ**। ਪ੍ਰਾਚੀਨ ਮਸੋਪੋਤਾਮੀਆ ਵਿੱਚ ਸ਼ਾਹੀ ਸ਼ਿਲਾਲੇਖਾਂ ਉੱਤੇ ਰਾਜਿਆਂ ਦੀ ਤਾਰੀਫ ਕਰਨਾ ਜਾਂ ਉਨ੍ਹਾਂ ਦੇ ਨਾਉਂ ਨੂੰ ਵੱਡਾ ਕਹਿਣਾ ਇੱਕ ਆਮ ਗੱਲ ਸੀ। ਇਸ ਦਾ ਸਮਾਨਾਂਤਰ ਦਾਊਦ ਨੂੰ ਦਿੱਤਾ ਪਰਮੇਸ਼ੁਰ ਦਾ ਵਾਇਦਾ ਹੈ: "ਮੈਂ ਉਨ੍ਹਾਂ ਲੋਕਾਂ ਵਰਗਾ ਜਿਨ੍ਹਾਂ ਦਾ ਨਾਉਂ ਜਗਤ ਵਿੱਚ ਵੱਡਾ ਹੈ ਤੇਰਾ ਨਾਉਂ ਵੱਡਾ ਕੀਤਾ" (2 ਸਮੂਏਲ 7:9)।

ਅਬਰਾਹਾਮ ਦਾ "ਵੱਡਾ ਨਾਉਂ" ਕਰਨ ਦਾ ਰੱਬੀ ਵਾਇਦਾ ਇਸ ਪ੍ਰਤਿੱਗਿਆ ਦਾ ਇੱਕ ਪ੍ਰਤੀਕ ਹੈ ਕਿ ਉਸ ਦਾ ਨਾਮ ਦੂਰ-ਦੂਰ ਤੱਕ ਜਾਣਿਆ ਜਾਵੇਗਾ ਜਾਂ ਪ੍ਰਸਿੱਧ ਹੋਵੇਗਾ – ਖ਼ਾਸ ਕਰਕੇ ਭਵਿੱਖ ਦੀਆਂ ਪੀੜ੍ਹੀਆਂ ਵਿੱਚ, ਜੋ ਕਿ ਉਸ ਨੂੰ ਵਿਸ਼ਵਾਸੀਆਂ ਦੇ ਪਿਤਾ ਦੇ ਰੂਪ ਵਿੱਚ ਵੇਖਣਗੀਆਂ (ਰੋਮੀਆਂ 4:16)। ਵੱਡੇ ਨਾਉਂ ਦਾ ਵਿਚਾਰ ਉਤਪਤ 6:4 ਵਿੱਚ ਦੁਸ਼ਟ "ਸੂਰਬੀਰਾਂ" ਦੇ ਰੁਤਬੇ ਦੀ ਤੁਲਨਾ ਵਿੱਚ ਖੜ੍ਹਾ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਹਿੰਸਾ ਕਰਕੇ ਅਤੇ ਬੁਰਜ ਬਣਾਉਣ ਵਾਲਿਆਂ ਵਜੋਂ ਜਾਣਿਆ ਜਾਂਦਾ ਹੈ ਜਿਨ੍ਹਾਂ ਨੇ 11:4 ਵਿੱਚ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਨ ਦੇ ਰਾਹੀਂ ਆਪਣੇ ਆਪ ਦੇ ਲਈ "ਇੱਕ ਨਾਉਂ" (ਰੁਤਬਾ) ਕਮਾਉਣਾ ਭਾਲਿਆ। ਫਿਰ ਵੀ, ਇਹ ਵੱਡਾ ਨਾਉਂ ਇੱਕ ਅਜਿਹੀ ਚੀਜ਼ ਦੀ ਜੋ ਅਬਰਾਹਾਮ ਉਸ ਦੀ ਆਪਣੀ ਮਰਜ਼ੀ ਨਾਲ ਫੜੇਗਾ ਜਾਂ ਹਾਸਲ ਕਰੇਗਾ। ਇਹ ਪਰਮੇਸ਼ੁਰ ਦੇ ਤੋਹਫ਼ੇ ਅਤੇ ਅਬਰਾਹਾਮ ਨੂੰ ਉਸ ਦੇ ਰੱਬੀ ਕੰਮ ਦੇ ਲਈ ਤਿਆਰ ਕਰਨਾ ਅਤੇ ਅਬਰਾਹਾਮ ਨੂੰ ਇਸਤੇਮਾਲ ਕਰਨ ਦਾ ਨਤੀਜਾ ਨਹੀਂ ਸੀ ਹੋਣਾ। ਉਹ "ਆਦਰ ਦਾ ਭਾਂਡਾ" ਬਣੇਗਾ (2 ਤਿਮੋਥਿਉਸ 2:20, 21) ਅਤੇ ਉਸ ਨੂੰ ਸਮੁੱਚੇ ਜਗਤ ਦੇ ਲਈ ਯਹੋਵਾਹ ਦੀ ਰੱਬੀ ਯੋਜਨਾ ਦੀ ਆਖ਼ਰੀ ਪੂਰਤੀ ਵਿੱਚ ਹਿੱਸਾ ਦਿੱਤਾ ਜਾਵੇਗਾ।

ਵਾਅਦੇ ਦਾ ਅਗਲਾ ਹਿੱਸਾ, **ਅਰ ਤੂੰ ਬਰਕਤ ਦਾ ਕਾਰਨ ਹੋ**, ਆਮ ਤੌਰ ਤੇ ਪਿਛਲੀ ਲਾਈਨ ਦੀ ਨਿਰੰਤਰਤਾ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ। ਇਸ ਦੀ ਵੱਖ-ਵੱਖ ਤਰੀਕਿਆਂ ਨਾਲ ਵਿਆਖਿਆ ਕੀਤੀ ਗਈ ਹੈ। ਕੁਝ ਦਾਅਵਾ ਕਰਦੇ ਹਨ ਕਿ ਇਸ ਦਾ ਅਰਥ ਇਹ ਹੈ ਕਿ ਅਬਰਾਹਾਮ ਨੂੰ ਜੋ ਵੱਡਾ ਨਾਉਂ ਦਿੱਤਾ ਗਿਆ ਉਸ ਦਾ ਜ਼ਿਕਰ ਭਵਿੱਖ ਦੀਆਂ ਅਸੀਸਾਂ ਵਿੱਚ ਕੀਤਾ ਜਾਵੇਗਾ (NEB)। ਹੋਰ ਕੁਝ ਲੋਕ ਇਹ ਦਾਅਵਾ ਕਰਦੇ ਹਨ ਕਿ ਜਿਹੜੇ ਉਸ ਦੇ ਨਮੂਨੇ ਤੇ ਚੱਲੇ ਹਨ ਖੁਸ਼ਹਾਲੀ ਅਤੇ ਖੁਸ਼ੀ ਦੇ ਉਦਾਹਰਣ ਦੇ ਰੂਪ ਵਿੱਚ ਉਸ ਨਾਉਂ ਨੂੰ ਯਾਦ ਕਰਨਗੇ। ਇੱਕ ਹੋਰ ਵਿਚਾਰ ਇਹ ਹੈ ਕਿ ਇਹ ਸਿਰਫ ਸੰਸਾਰ ਦੇ ਲਈ ਭਵਿੱਖ ਦੀਆਂ ਬਰਕਤਾਂ ਦਾ ਵਾਇਦਾ ਸੀ ਅਤੇ ਉਸ ਦਾ ਇੱਕ ਪਰਛਾਵਾਂ ਸੀ ਜਿਸ ਦੀ ਯਹੋਵਾਹ ਆਇਤ 3 ਦੇ ਆਖ਼ਰੀ ਹਿੱਸੇ ਵਿੱਚ ਪੁਸ਼ਟੀ ਕਰਨ ਵਾਲਾ ਸੀ।

ਇਹ ਸਾਰੀਆਂ ਵਿਆਖਿਆਵਾਂ ਇਸ ਤੱਥ ਨੂੰ ਅਸਪੱਸ਼ਟ ਕਰਦੀਆਂ ਹਨ ਕਿ ਇਬਰਾਨੀ

ਅਸਲ ਵਿੱਚ ਮੱਧਮ ਪੁਰਖ ਪੁਰਸ਼ ਇਕਵਚਨ ਆਗਿਆ ਸੂਚਕ ਹੈ ਜੋ ਅਬਰਾਹਾਮ ਨੂੰ "ਇੱਕ ਅਸੀਸ ਬਣਨ" ਦੇ ਲਈ ਕਹਿ ਰਿਹਾ।[3] ਇਸ ਲਈ, ਇਹ ਇੱਕ ਅਸੀਸ (ਇੱਕ ਵੱਡਾ ਨਾਉਂ) ਨਹੀਂ ਸੀ ਜੋ ਅਬਰਾਹਾਮ ਨੂੰ ਮਿਲਣਾ ਸੀ, ਨਾ ਹੀ ਪਰਮੇਸ਼ੁਰ ਉਨ੍ਹਾਂ ਅਸੀਸਾਂ ਦਾ ਹਵਾਲਾ ਦੇ ਰਿਹਾ ਸੀ ਜਿਨ੍ਹਾਂ ਦੀ ਦੂਜੇ ਉਸ ਦੇ ਨਾਮ ਵਿੱਚ ਘੋਸ਼ਣਾ ਕਰਨਗੇ। ਇਸ ਤੋਂ ਇਲਾਵਾ, ਇਹ ਇੱਕ ਨਬੂਵਤ ਨਹੀਂ ਸੀ ਕਿ ਅਬਰਾਹਾਮ ਦੀ ਅੰਸ ਇੱਕ ਦਿਨ ਉਸ ਖੁਸ਼ਹਾਲੀ ਨੂੰ ਯਾਦ ਕਰੇਗੀ ਜਿਸ ਦਾ ਇਸ ਪੁਰਖੇ ਨੇ ਅਨੰਦ ਮਾਣਿਆ ਸੀ ਅਤੇ ਉਨ੍ਹਾਂ ਦੇ ਆਪਣੇ ਜੀਵਨਾਂ ਵਿੱਚ ਇਹੋ ਜਿਹੇ ਫਾਇਦਿਆਂ ਦੀ ਉਮੀਦ ਕਰਨਗੇ। ਇਹ ਅਬਰਾਹਾਮ ਨੂੰ ਦਿੱਤੀ ਗਈ ਇੱਕ ਜ਼ਿੰਮੇਵਾਰੀ ਸੀ ਕਿ ਉਸ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਲਈ "ਇੱਕ ਬਰਕਤ ਬਣਨਾ" ਚਾਹੀਦਾ ਹੈ। ਜਦੋਂ ਪਰਮੇਸ਼ੁਰ ਵਿਅਕਤੀਆਂ ਜਾਂ ਕੌਮਾਂ ਨੂੰ ਬਰਕਤ ਦਿੰਦਾ ਹੈ, ਉਹ ਅਜਿਹੀਆਂ ਦਾਤਾਂ ਨੂੰ ਆਪਣੇ ਆਪ ਵਿੱਚ ਇੱਕ ਅੰਤ ਦੇ ਰੂਪ ਵਿੱਚ ਨਹੀਂ ਦਿੰਦਾ ਹੈ ਅਤੇ ਇਹ ਦਾਤਾਂ ਆਪਣੇ ਤੱਕ ਹੀ ਸੀਮਤ ਨਹੀਂ ਰਹਿਣੀਆਂ ਚਾਹੀਦੀਆਂ। ਯਹੋਵਾਹ ਚਾਹੁੰਦਾ ਹੈ ਕਿ ਜਿਹੜੇ ਮੁਬਾਰਕ ਹਨ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਬਦਲੇ ਵਿੱਚ ਉਹ ਵੀ ਉਨ੍ਹਾਂ ਸਭ ਲੋਕਾਂ ਦੇ ਲਈ "ਇੱਕ ਬਰਕਤ ਦਾ ਕਾਰਣ" ਬਣਨ ਜਿਨ੍ਹਾਂ ਨੂੰ ਉਹ ਆਪਣੇ ਜੀਵਨ ਵਿੱਚ ਮਿਲਦੇ ਹਨ।

**ਆਇਤ 3.** ਯਹੋਵਾਹ ਨੇ ਤਿੰਨ ਹੋਰ ਗੱਲਾਂ ਦੇ ਨਾਲ ਆਪਣੀ ਗੱਲ ਨੂੰ ਜਾਰੀ ਰੱਖਿਆ ਜਿਸ ਦੀ ਸ਼ੁਰੂਆਤ ਉਸ ਨੇ ਇਹ ਕਹਿਣ ਨਾਲ ਕੀਤੀ ਕਿ **ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ**। ਇਸੇ ਤਰ੍ਹਾਂ ਦੇ ਸ਼ਬਦ ਇਸਹਾਕ ਦੁਆਰਾ ਵਰਤੇ ਗਏ ਸਨ, ਜਿਸ ਨੇ ਅਣਜਾਣੇ ਵਿੱਚ ਯਾਕੂਬ ਨੂੰ ਏਸਾਓ ਸਮਝ ਕੇ ਅਸੀਸ ਦਿੱਤੀ (27:29)। ਉਹ ਨਬੀ ਬਿਲਆਮ ਦੁਆਰਾ ਵੀ ਬੋਲੇ ਗਏ ਸਨ, ਜਿਸ ਨੂੰ ਯਹੋਵਾਹ ਨੇ ਇਸਰਾਏਲ ਦੀ ਕੌਮ ਨੂੰ ਸਿਰਫ ਬਰਕਤ ਦੇਣ ਦਿੱਤੀ ਸੀ (ਗਿਣਤੀ 24:9)। ਇਨ੍ਹਾਂ ਬਾਅਦ ਵਾਲੇ ਦੋਵਾਂ ਮਾਮਲਿਆਂ ਵਿੱਚ, ਸੰਬੰਧਤ ਅਸੀਸਾਂ ਗੈਰ-ਮਨੁੱਖੀ ਸਨ, ਸਿਰਫ "ਜੋ ਤੈਨੂੰ ਅਸੀਸ ਦਿੰਦੇ ਹਨ" ਅਤੇ "ਹਰ ਕੋਈ ਜੋ ਤੈਨੂੰ ਅਸੀਸ ਦਿੰਦਾ ਹੈ" ਦਾ ਜ਼ਿਕਰ ਕਰਦੀਆਂ ਹਨ। ਤੁਲਨਾ ਵਿੱਚ, ਪਰਮੇਸ਼ੁਰ ਨੇ ਅਬਰਾਹਾਮ ਨੂੰ ਇਹ ਕਹਿਣ ਦੁਆਰਾ ਕਿ "ਮੈਂ ਤੈਨੂੰ ਅਸੀਸ ਦਿਆਂਗਾ" ਉੱਤਮ ਪੁਰਖ ਦੀ ਵਰਤੋਂ ਕੀਤੀ। ਪਰਮੇਸ਼ੁਰ ਦੇ ਇਹ ਸ਼ਬਦ ਉਸ ਸੰਬੰਧ ਦੀ ਨੇੜਤਾ ਜੋ ਪਰਮੇਸ਼ੁਰ ਅਤੇ ਪੁਰਖੇ ਵਿੱਚ ਸੀ ਅਤੇ ਇਸ ਦੇ ਨਾਲ ਅਬਰਾਹਾਮ ਦੇ ਲਈ ਪਰਮੇਸ਼ੁਰ ਦੀ ਚਿੰਤਾ ਤੇ ਜ਼ੋਰ ਦਿੰਦੇ ਹਨ। ਉਹ ਜਿਸ ਦਾ ਅਬਰਾਹਾਮ ਨਾਲ ਸਹੀ ਸੰਬੰਧ ਸੀ, ਪਰਮੇਸ਼ੁਰ ਉਸ ਨੂੰ ਅਸੀਸ ਦੇਵੇਗਾ।

ਅਗਲੀ ਗੱਲ, ਯਹੋਵਾਹ ਨੇ ਕਿਹਾ, **ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ**। ਪਿਛਲੇ ਵਾਅਦੇ ਦੀ ਤੁਲਨਾ ਵਿੱਚ, ਜੋ ਕੋਈ ਅਬਰਾਹਾਮ ਨੂੰ ਤੁੱਛ ਜਾਣੇਗਾ ਜਾਂ ਸਰਾਪ ਦੇਵੇਗਾ, ਪਰਮੇਸ਼ੁਰ ਉਸ ਨੂੰ ਸਰਾਪ ਦੇਵੇਗਾ, ਕਿਉਂਕਿ ਅਜਿਹੇ ਵਿਅਕਤੀ ਦਾ ਸਾਰੇ ਸੰਸਾਰ ਵਿੱਚ ਬਰਕਤਾਂ ਲਿਆਉਣ ਦੇ ਲਈ ਪਰਮੇਸ਼ੁਰ ਦੇ ਚੁਣੇ ਹੋਏ ਵਸੀਲੇ ਨਾਲ ਸਹੀ ਸੰਬੰਧ ਨਹੀਂ ਸੀ। ਦੁਸ਼ਮਣ ਅਬਰਾਹਾਮ ਨੂੰ ਵੱਖ-ਵੱਖ ਤਰੀਕਿਆਂ ਨਾਲ ਤੁੱਛ ਜਾਣ ਸਕਦੇ ਸਨ: ਉਸ ਦੇ ਬਾਰੇ ਬੁਰਾ ਬੋਲ ਕੇ ਅਤੇ ਉਸ ਦੇ ਰੁਤਬੇ ਨੂੰ ਕਮਜ਼ੋਰ ਜਾਣ ਕੇ, ਉਸ ਨੂੰ ਰੋਕ ਕੇ, ਉਸ ਨੂੰ ਨੁਕਸਾਨ ਪਹੁੰਚਾ ਕੇ ਜਾਂ ਉਸ ਦੀ ਕੋਈ ਚੀਜ਼ (ਜਾਂ ਕਿਸੇ) ਨੂੰ ਲੈ ਕੇ ਜੋ ਅਬਰਾਹਾਮ ਦੀ ਸੀ। ਉਦਾਹਰਣ ਦੇ ਲਈ, ਫ਼ਿਰਾਊਨ ਦਾ ਇਸ ਪੁਰਖੇ ਨਾਲ ਸਹੀ ਸੰਬੰਧ ਨਹੀਂ ਸੀ ਕਿਉਂਕਿ ਉਹ ਉਸ ਦੀ ਪਤਨੀ ਨੂੰ ਉਸ ਦੇ ਹਾਰੇਮ ਵਿੱਚ ਲੈ ਗਿਆ (12:10-17)। ਹਾਲਾਂਕਿ ਉਸ ਨੇ ਇਹ ਅਣਜਾਣਪੁਣੇ ਵਿੱਚ ਕੀਤਾ ਸੀ, ਇਹ ਨਾ ਜਾਣਦੇ ਹੋਏ ਕਿ ਉਹ ਵਿਆਹੀ ਹੋਈ ਸੀ, ਫ਼ਿਰਾਊਨ ਅਬਰਾਹਾਮ ਵਿਰੁੱਧ ਇਸ ਅਪਰਾਧ ਦੇ ਰਾਹੀਂ ਆਪਣੇ ਪੂਰੇ ਘਰਾਣੇ ਤੇ ਪਰਮੇਸ਼ੁਰ ਦੇ ਸਰਾਪ (ਰੋਗ ਅਤੇ "ਬਵਾਂ") ਲੈ ਕੇ ਆਇਆ।

ਫਿਰ ਯਹੋਵਾਹ ਨੇ ਅਸੀਸ ਦੇ ਆਖ਼ਰੀ ਹਿੱਸੇ ਦਾ ਐਲਾਨ ਕੀਤਾ ਅਤੇ ਇਹ ਅਬਰਾਹਾਮ ਦੀ ਬੁਲਾਹਟ ਦਾ ਸੁਨਹਿਰਾ ਪਲ ਅਤੇ ਨਿਸ਼ਚਤ ਨਿਸ਼ਾਨਾ ਹੈ: **ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ**। ਆਇਤ 2 ਵਿੱਚ, ਪਰਮੇਸ਼ੁਰ ਨੇ ਪੁਰਖੇ ਨੂੰ "ਇੱਕ ਬਰਕਤ ਬਣਨ" ਦੀ ਨਸੀਹਤ ਦਿੱਤੀ ਸੀ ਅਤੇ ਹੁਣ ਉਸ ਨੇ ਉਸ ਜ਼ਿੰਮੇਵਾਰੀ ਨੂੰ ਵਧਾ ਦਿੱਤਾ: ਅਬਰਾਹਾਮ ਨੇ ਉਸ ਬਰਕਤ ਦਾ ਵਾਹਕ ਬਣਨਾ ਸੀ ਜੋ ਪਰਿਵਾਰ, ਮਿੱਤਰਾਂ ਅਤੇ ਉਸ ਦੀ ਜਾਣ-ਪਛਾਣ ਵਾਲੇ ਵਿਅਕਤੀਆਂ ਦੇ ਅਦਾਰੇ ਤੋਂ ਵੀ ਪਾਰ ਜਾਵੇਗੀ। ਦਰਅਸਲ, ਆਖ਼ਰੀ ਵਾਇਦਾ ਲੁਭਾਵਣਾ ਸੀ, ਕਿਉਂਕਿ ਇਸ ਦੇ ਵਿੱਚ ਉਹ ਅਸੀਸ ਸੀ ਜਿਸ ਨਾਲ ਸਾਰੇ ਘਰਾਣਿਆਂ ਅਤੇ ਧਰਤੀ ਦੇ ਸਾਰੇ ਲੋਕਾਂ ਨੂੰ ਸਗੋਂ ਉਹ ਬੁਰੀਆਂ ਕੌਮਾਂ ਜਿਨ੍ਹਾਂ ਦਾ ਜ਼ਿਕਰ 4 ਤੋਂ 11 ਅਧਿਆਵਾਂ ਵਿੱਚ ਕੀਤਾ ਗਿਆ ਹੈ, ਨਾਲੇ ਉਹ ਜੋ ਉਨ੍ਹਾਂ ਤੋਂ ਬਾਅਦ ਆਉਣਗੀਆਂ – ਫਾਇਦਾ ਹੋਵੇਗਾ। ਪਰਮੇਸ਼ੁਰ ਨੇ ਕਾਫੀ ਸਾਲਾਂ ਬਾਅਦ ਇਹ ਵਾਇਦਾ ਅਬਰਾਹਾਮ ਨੂੰ (22:18), ਫਿਰ ਇਸਹਾਕ ਨੂੰ (26:4) ਅਤੇ ਅੰਤ ਵਿੱਚ ਯਾਕੂਬ ਨੂੰ (28:14) ਦੁਹਰਾਇਆ ਸੀ ਜਿਸ ਦੇ ਬਾਰਾਂ ਪੁੱਤਰਾਂ ਤੋਂ ਇਸਰਾਏਲੀ ਕੌਮ ਪੈਦਾ ਹੋਵੇਗੀ। ਅਬਰਾਹਾਮ ਦੇ ਲਈ ਯਹੋਵਾਹ ਦਾ ਆਖ਼ਰੀ ਉਦੇਸ਼ ਕਨਾਨ ਦੇਸ ਦੇ ਉਪਜਾਊਪਣ ਅਤੇ ਉਸ ਦੇ ਅੰਸਾਂ ਦੀ ਜੋ ਇਸ ਦੇ ਵਿੱਚ ਵੱਸਣਗੇ ਖੁਸ਼ਹਾਲੀ ਤੋਂ ਪਰੇ ਵਿਅਕਤ ਕੀਤਾ ਗਿਆ। ਅਬਰਾਹਾਮ ਨੇ ਲੋਕਾਂ ਦਾ ਪੂਰਵਪੁਰਖ ਬਣਨਾ ਸੀ ਜਿਸ ਦੇ ਰਾਹੀਂ ਰੱਬੀ ਬਰਕਤਾਂ ਵਹਿਣਗੀਆਂ ਜੋ ਯਿਸੂ ਮਸੀਹ ਦੇ ਉਸ ਦਾ ਵਾਇਦਾ ਕੀਤੀ ਹੋਈ "ਅੰਸ" (ਸੰਤਾਨ) ਅਤੇ "ਜਗਤ ਦਾ ਮੁਕਤੀਦਾਤਾ" ਦੇ ਰੂਪ ਵਿੱਚ ਆਉਣ ਨਾਲ ਚਰਮਸੀਮਾ ਤੇ ਪਹੁੰਚਣਗੀਆਂ (ਯੂਹੰਨਾ 4:42; ਰਸੂਲਾਂ ਦੇ ਕਰਤੱਬ 3:25; ਗਲਾਤੀਆਂ 3:8; 1 ਤਿਮੋਥਿਉਸ 2:3-6)।

## ਰੱਬੀ ਬੁਲਾਹਟ ਲਈ ਅਬਰਾਹਾਮ ਦਾ ਪ੍ਰਤੀਉੱਤਰ (12:4-9)

**4ਸੋ ਅਬਰਾਮ ਜਿਵੇਂ ਯਹੋਵਾਹ ਉਹ ਨੂੰ ਬੋਲਿਆ ਸੀ ਚੱਲਿਆ ਅਤੇ ਲੂਤ ਵੀ ਉਹ ਦੇ ਨਾਲ ਚੱਲਿਆ। ਅਬਰਾਮ ਦੀ ਉਮਰ ਪਝੱਤਰਾਂ ਵਰਿਹਾਂ ਦੀ ਸੀ ਜਦ ਉਹ ਹਾਰਾਨ ਤੋਂ ਨਿੱਕਲਿਆ।
5ਤਾਂ ਅਬਰਾਮ ਸਾਰਈ ਆਪਣੀ ਪਤਨੀ ਨੂੰ ਅਰ ਲੂਤ ਆਪਣੇ ਭਤੀਜੇ ਨੂੰ ਅਰ ਉਨ੍ਹਾਂ ਦੇ ਸਭ ਧਨ ਨੂੰ ਜੋ ਉਨ੍ਹਾਂ ਨੇ ਇਕੱਠਾ ਕੀਤਾ ਅਰ ਉਨ੍ਹਾਂ ਜੀਵਾਂ ਨੂੰ ਜਿਨ੍ਹਾਂ ਨੂੰ ਉਨ੍ਹਾਂ ਨੇ ਹਾਰਾਨ ਵਿੱਚ ਪਰਾਪਤ ਕੀਤਾ ਸੀ ਲੈਕੇ ਕਨਾਨ ਦੇਸ ਵਿੱਚ ਆਏ। 6ਅਤੇ ਅਬਰਾਮ ਦੇਸ ਦੇ ਵਿੱਚੋਂ ਦੀ ਸ਼ਕਮ ਦੀ ਥਾਂ ਤਾਈਂ ਅਰਥਾਤ ਮੋਰਹ ਦੇ ਬਲੂਤ ਤਾਈਂ ਲੰਘਿਆ ਅਤੇ ਕਨਾਨੀ ਅਜੇ ਉਸ ਦੇਸ ਵਿੱਚ ਹੈ ਸਨ। 7ਤਦ ਯਹੋਵਾਹ ਨੇ ਅਬਰਾਮ ਨੂੰ ਦਰਸ਼ਨ ਦੇਕੇ ਆਖਿਆ ਕਿ ਤੇਰੀ ਅੰਸ ਨੂੰ ਮੈਂ ਇਹ ਧਰਤੀ ਦਿਆਂਗਾ ਅਤੇ ਉਸ ਦੇ ਉੱਥੇ ਇੱਕ ਜਗਵੇਦੀ ਯਹੋਵਾਹ ਲਈ ਜਿਸ ਨੇ ਉਹ ਨੂੰ ਦਰਸ਼ਨ ਦਿੱਤਾ ਸੀ ਬਣਾਈ।
8ਤਦ ਉੱਥੋਂ ਉਹ ਨੇ ਇੱਕ ਪਹਾੜ ਨੂੰ ਜੋ ਬੈਤ-ਏਲ ਤੋਂ ਪੂਰਬ ਵੱਲ ਹੈ ਜਾ ਕੇ ਆਪਣਾ ਤੰਬੂ ਲਾਇਆ। ਜਿੱਥੋਂ ਬੈਤ-ਏਲ ਲਹਿੰਦੇ ਪਾਸੇ ਅਰ ਅਈ ਚੜ੍ਹਦੇ ਪਾਸੇ ਸੀ ਉੱਥੇ ਉਸ ਨੇ ਯਹੋਵਾਹ ਲਈ ਇੱਕ ਜਗਵੇਦੀ ਬਣਾਈ ਅਰ ਯਹੋਵਾਹ ਦਾ ਨਾਮ ਲਿਆ। 9ਤਾਂ ਅਬਰਾਮ ਸਫਰ ਕਰਦਾ ਕਰਦਾ ਦੱਖਣ ਵੱਲ ਤੁਰਿਆ ਗਿਆ।**

**ਆਇਤਾਂ 4, 5.** ਕਾਫੀ ਸਾਲ **ਹਾਰਾਨ ਵਿੱਚ** ਗੁਜਾਰਣ ਅਤੇ ਪੁਰਖੇ ਦੇ ਪਿਤਾ ਤਾਰਹ ਦੇ ਮਰਨ ਤੋਂ ਬਾਅਦ (11:32), ਨਿਹਚਾ ਨਾਲ **ਅਬਰਾਮ ਜਿਵੇਂ ਯਹੋਵਾਹ ਉਹ ਨੂੰ ਬੋਲਿਆ ਸੀ ਚੱਲਿਆ** (ਵੇਖੋ ਰਸੂਲਾਂ ਦੇ ਕਰਤੱਬ 7:4)। **ਕਨਾਨ ਦੇਸ** ਨੂੰ ਜਾਣ ਦੇ ਲਈ ਜਦੋਂ ਉਸ ਨੂੰ ਇਹ ਰੱਬੀ ਬੁਲਾਹਟ ਮਿਲੀ, ਤਦ ਉਹ **ਪਝੱਤਰਾਂ ਵਰਿਹਾਂ** ਦਾ ਸੀ; ਪਰ ਹਾਲੇ ਵੀ ਉਸ ਦੀ ਕੋਈ ਸੰਤਾਨ ਨਹੀਂ ਸੀ ਕਿਉਂਕਿ ਸਾਰਾਹ ਬਾਂਝ ਸੀ। ਇੱਕ ਵਾਰ ਫੇਰ, ਉਸ ਨੂੰ ਨਿਹਚਾ ਰੱਖਣ ਦੀ

ਚੁਣੌਤੀ ਮਿਲੀ। ਆਪਣੇ ਸਾਰੇ ਟੱਬਰ ਨੂੰ ਪਿੱਛੇ ਛੱਡਣ ਦਾ ਅਣਇੱਛੁਕ ਅਬਰਾਹਾਮ ਨੇ **ਆਪਣੇ ਭਤੀਜੇ ਲੂਤ** ਨੂੰ ਨਾਲ ਲਿਆ, ਸੰਭਵ ਤੌਰ ਤੇ ਉਸ ਨੂੰ ਆਪਣੇ ਵਾਰਸ ਦੇ ਰੂਪ ਵਿੱਚ ਅਪਨਾਉਣ ਦੇ ਲਈ ਜੇਕਰ ਸਾਰਾਹ ਬਾਂਝ ਰਹੇਗੀ। ਲੇਖਕ ਨੇ ਅਬਰਾਹਾਮ ਦੇ ਉਦੇਸ਼ ਨੂੰ ਪਰਗਟ ਨਹੀਂ ਕੀਤਾ।

**ਉਨ੍ਹਾਂ ਦੇ ਸਾਰੇ ਧਨ . . . ਅਰ ਉਨ੍ਹਾਂ ਜੀਵਾਂ ਨੂੰ ਜਿਨ੍ਹਾਂ ਨੂੰ ਉਨ੍ਹਾਂ ਨੇ ਹਾਰਾਨ ਵਿੱਚ ਪਰਾਪਤ ਕੀਤਾ** ਨਾਲ ਲੈ ਕੇ, ਅਬਰਾਹਾਮ ਕਨਾਨ ਦੇਸ ਦੇ ਲੰਬੇ ਸਫ਼ਰ ਲਈ ਨਿੱਕਲ ਤੁਰਿਆ। ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਕਿਹਾ ਹੈ ਕਿ "ਉਹ ਨਹੀਂ ਸੀ ਜਾਣਦਾ ਭਈ ਮੈਂ ਕਿੱਧਰ ਨੂੰ ਲਗਾ ਜਾਂਦਾ ਹਾਂ ਤਾਂ ਵੀ ਨਿੱਕਲ ਤੁਰਿਆ" (ਇਬਰਾਨੀਆਂ 11:8)। ਉਹ ਬਸ ਇੰਨਾ ਜਾਣਦਾ ਸੀ ਕਿ ਕਨਾਨ ਇੱਕ ਦੂਰ ਦੇਸ ਹੈ (ਹਾਰਾਨ ਦੇ ਦੱਖਣ-ਪੱਛਮ ਵੱਲ ਲਗਭਗ ਚਾਰ ਸੌ ਮੀਲ) ਅਤੇ ਇਹ ਪੁਰਖੇ ਅਤੇ ਉਸ ਦੀ ਟੋਲੀ ਦੇ ਲਈ ਇੱਕ ਅਸਾਨ ਸਫ਼ਰ ਨਹੀਂ ਹੋਵੇਗਾ। ਪਰਤੱਖ ਰੂਪ ਵਿੱਚ, ਅਬਰਾਹਾਮ ਅਤੇ ਲੂਤ ਦੀ ਦੇਖਭਾਲ ਕਰਨ ਦੇ ਲਈ ਅਤੇ ਇੱਜੜਾਂ ਅਤੇ ਭੇਡਾਂ ਬੱਕਰੀਆਂ ਨੂੰ ਸੰਭਾਲਣ ਦੇ ਲਈ ਉਨ੍ਹਾਂ ਦੇ ਨਾਲ ਬਹੁਤ ਸਾਰੇ ਨੌਕਰ (ਜਾ ਸੇਵਕ[4]) ਸਨ; ਪਰ ਇਹ ਮਨੁੱਖ ਸਿੱਖੇ ਹੋਏ ਲੜਾਕੂ ਵੀ ਸਨ ਜਿਨ੍ਹਾਂ ਨੂੰ ਲੋੜ ਪੈਣ ਤੇ ਜਾਂ ਇਹੋ ਜਿਹੇ ਹਾਲਾਤ ਪੈਦਾ ਹੋਣ ਤੇ ਯੁੱਧ ਕਰਨ ਦੇ ਲਈ ਵੀ ਬੁਲਾਇਆ ਜਾ ਸਕਦਾ ਸੀ।[5]

ਫਿਰ ਵੀ, ਦਰਿਆ ਫ਼ਰਾਤ ਦੇ ਜਲ-ਵਿਭਾਜਕ ਇਲਾਕੇ ਨੂੰ ਛੱਡ ਕੇ ਉਨ੍ਹਾਂ ਇਲਾਕਿਆਂ ਦੇ ਵਿੱਚੋਂ ਦੀ ਜਾਣਾ ਜਿੱਥੇ ਬਹੁਤ ਘੱਟ ਲੋਕ ਵੱਸਦੇ ਸਨ ਅਤੇ ਜਿੱਥੇ ਮੁਸਾਫ਼ਰਾਂ ਤੇ ਕਿਸੇ ਵੀ ਵੇਲੇ ਡਾਕੂਆਂ ਦਾ ਹਮਲਾ ਹੋ ਸਕਦਾ ਸੀ, ਇਹੋ ਜਿਹੇ ਲੰਬੇ ਅਤੇ ਖ਼ਤਰਨਾਕ ਸਫ਼ਰ ਤੇ ਜਾਣਾ ਕੋਈ ਹਲਕਾ ਫ਼ੈਸਲਾ ਨਹੀਂ ਸੀ। ਉਹ ਸ਼ਾਇਦ ਹਾਰਾਨ ਤੋਂ ਕਰਕਮਿਸ਼ ਵੱਲ ਨੂੰ ਪੱਛਮ ਵੱਲ ਗਏ ਅਤੇ ਫਿਰ ਦੱਖਣ ਤੋਂ ਅਲੀਪੋ ਨੂੰ। ਉੱਥੋਂ, ਉਹ ਦੱਖਣ ਤੋਂ ਦੰਮਿਸਕ[6] ਨੂੰ ਮੁੱਖ ਮਾਰਗ ਲੈ ਸਕਦੇ ਸਨ ਅਤੇ ਫਿਰ ਕਨਾਨ ਨੂੰ ਜਾ ਸਕਦੇ ਸਨ। ਫਿਰ ਵੀ, ਇਹ ਵੀ ਮੁਸ਼ਕਲ ਸਫ਼ਰ ਹੋਣਾ ਸੀ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਇਲਾਕਿਆਂ ਵਿੱਚੋਂ ਗੁਜਰਣਾ ਪੈਣਾ ਸੀ ਜੋ ਸ਼ਾਇਦ ਉਨ੍ਹਾਂ ਦੇ ਆਪਣੇ ਇਲਾਕੇ ਬਲੀਹ ਦਰਿਆ ਤੇ ਸਥਿਤ ਹਾਰਾਨ ਜਿੰਨੇ ਉਪਜਾਊ ਨਹੀਂ ਸਨ। ਜਦੋਂ ਉਹ ਆਪਣੀ ਮੰਜ਼ਿਲ ਤੇ ਪਹੁੰਚ ਗਏ, ਉਹ ਸ਼ਾਇਦ ਬਾਸ਼ਾਨ (ਜਿਸ ਨੂੰ ਅੱਜ ਦੇ ਸਮੇਂ ਵਿੱਚ ਗੋਲਨ ਹਾਈਟਸ ਕਰਕੇ ਜਾਣਿਆ ਜਾਂਦਾ ਹੈ) ਤੋਂ ਉੱਤਰੇ ਅਤੇ ਯਰਦਨ ਨਦੀ ਪਾਰ ਪੱਛਮ ਅਤੇ ਕਨਾਨ ਦੇਸ ਵਿੱਚ ਗਏ।

**ਆਇਤ 6.** ਦੱਖਣ ਵੱਲ ਨੂੰ ਆਪਣੇ ਸਫ਼ਰ ਨੂੰ ਜਾਰੀ ਰੱਖਦਿਆਂ, **ਅਬਰਾਮ ਦੇਸ ਦੇ ਵਿੱਚੋਂ ਦੀ ਸ਼ਕਮ ਦੀ ਥਾਂ ਤਾਈਂ ਲੰਘਿਆ**। ਇਹ ਸ਼ਹਿਰ ਕਨਾਨ ਦੇਸ ਦੇ ਅੱਧ ਵਿਚਾਲੇ ਦੋ ਪਹਾੜੀਆਂ ਏਬਾਲ ਅਤੇ ਗਰਿੱਜ਼ੀਮ ਪਹਾੜੀਆਂ ਵਿਚਕਾਰ ਸਥਿਤ ਸੀ।[7] ਇਹ ਪਿਉ ਦਾਦਿਆਂ ਅਤੇ ਬਾਅਦ ਵਿੱਚ ਇਸਰਾਏਲੀਆਂ ਦੇ ਲਈ ਇੱਕ ਬਹੁਤ ਹੀ ਮਹੱਤਵਪੂਰਣ ਥਾਂ ਬਣਿਆ ਜਿਨ੍ਹਾਂ ਦਾ ਅਕਸਰ ਜ਼ਿਕਰ ਕੀਤਾ ਜਾ ਰਿਹਾ ਹੈ (33:18; 35:4; 37:12, 13; ਯਹੋਸ਼ੁਆ 24:1; ਨਿਆਈਆਂ 9:6; 1 ਰਾਜਿਆਂ 12:1)।

ਸ਼ਕਮ ਵਿੱਚ, ਅਬਰਾਹਾਮ **ਮੋਰਹ ਦੇ ਬਲੂਤ** ਕੋਲ ਆਇਆ, ਜਿਹੜਾ ਕਿ ਉਸ ਇਲਾਕੇ ਵਿੱਚ ਸਭ ਤੋਂ ਪ੍ਰਸਿੱਧ ਥਾਂ ਹੋਵੇਗਾ ਜਿੱਥੇ ਬਹੁਤ ਸਾਰੇ ਬਲੂਤ ਦੇ ਦਰੱਖਤ ਸਨ।[8] ਇਹ ਉਹ ਇਲਾਕਾ ਹੈ ਜਿੱਥੇ ਬਾਅਦ ਵਿੱਚ ਯਾਕੂਬ ਨੇ ਉਨ੍ਹਾਂ ਮੂਰਤੀਆਂ ਨੂੰ ਦਫ਼ਨਾਇਆ ਜੋ ਉਸ ਦੇ ਘਰਾਣੇ ਦੇ ਜੀਆਂ ਦੀਆਂ ਸਨ (35:4), ਜਿੱਥੇ ਯਹੋਸ਼ੁਆ ਨੇ ਇੱਕ ਪੱਥਰ ਖੜਾ ਕੀਤਾ (ਯਹੋਸ਼ੁਆ 24:25, 26) ਅਤੇ ਜਿੱਥੇ ਅਬੀਮਲਕ ਨੂੰ ਉਸ ਸ਼ਹਿਰ ਦਾ ਰਾਜਾ ਬਣਾਇਆ ਗਿਆ ਸੀ (ਨਿਆਈਆਂ 9:6)।

ਅਗਲਾ ਕਥਨ ਇਹ ਮੰਨਦਾ ਹੈ ਕਿ **ਕਨਾਨੀ ਅਜੇ ਉਸ ਦੇਸ ਵਿੱਚ ਹੈ ਸਨ**। ਇਹ ਲੇਖਕ

ਦੁਆਰਾ ਸਿਰਫ ਇਹ ਟਿੱਪਣੀ ਹੋ ਸਕਦੀ ਹੈ ਕਿ ਕਨਾਨੀਆਂ ਨੇ ਪਹਿਲਾਂ ਤੋਂ ਹੀ ਦੇਸ ਤੇ ਕਬਜ਼ਾ ਕੀਤਾ ਹੋਇਆ ਸੀ ਜਦੋਂ ਪੁਰਖਾ ਉੱਥੇ ਪਹੁੰਚਿਆ ਅਤੇ ਪਰਮੇਸ਼ੁਰ ਨੇ ਇਹ ਦੇਸ ਉਸ ਨੂੰ ਅਤੇ ਉਸ ਦੇ ਵੰਸ਼ਾਂ ਨੂੰ ਦੇਣ ਦਾ ਵਾਇਦਾ ਕੀਤਾ ਸੀ। ਇਸ ਲਈ, ਇਹ ਟਿੱਪਣੀ ਇਸ ਗੱਲ ਦੀ ਵਿਆਖਿਆ ਕਰਨ ਦਾ ਕੰਮ ਕਰ ਸਕਦੀ ਹੈ ਕਿ ਅਬਰਾਹਾਮ ਨੇ ਕਿਉਂ ਤੁਰੰਤ ਉਸ ਦੇਸ ਤੇ ਕਬਜ਼ਾ ਨਹੀਂ ਸੀ ਕੀਤਾ। ਦੂਜੇ ਪਾਸੇ, ਇਹ ਉਤਪਤ ਦੇ ਪਾਠਕਾਂ ਦੇ ਲਈ ਅੱਗੇ ਚੱਲ ਕੇ ਇੱਕ ਸੰਪਾਦਕੀ ਟਿੱਪਣੀ ਹੋਵੇਗੀ ਜੋ ਉਨ੍ਹਾਂ ਨੂੰ ਇਹ ਯਾਦ ਦਿਵਾਵੇਗੀ ਕਿ ਕਨਾਨੀਆਂ ਦਾ ਉਸ ਸਮੇਂ ਦੇਸ ਤੇ ਪੂਰਾ ਨਿਯੰਤਰਣ ਸੀ ਜਦੋਂ ਅਬਰਾਹਾਮ ਉੱਥੇ ਪਹੁੰਚਿਆ। ਇਹ ਹਾਲਾਤ ਵਿੱਚ, ਇਸਰਾਏਲੀਆਂ ਦੇ ਉਨ੍ਹਾਂ ਕਨਾਨੀਆਂ ਨੂੰ ਦੇਸ ਵਿੱਚੋਂ ਬਾਹਰ ਕੱਢਣ ਤੋਂ ਬਾਅਦ ਜੋ ਵਾਅਦੇ ਦੇ ਦੇਸ ਦੇ ਲਈ ਇੱਕ ਖ਼ਤਰਾ ਸਨ, ਇਹ ਕਥਨ ਮੂਸਾ ਦੇ ਸਮੇਂ ਤੋਂ ਕਾਫੀ ਚਿਰ ਬਾਅਦ ਪਵਿੱਤਰ ਆਤਮਾ ਦੀ ਪ੍ਰੇਰਣਾ ਅਧੀਨ ਲਿਖਿਆ ਗਿਆ ਸੀ। ਇਸ ਕਥਨ ਦੇ ਸੰਖੇਪ ਅਰਥ ਦੀ ਜਾਂ ਉਸ ਨਿਹਚਾ ਦੀ ਜੱਦੋ ਜਹਿਦ ਦੀ ਪਰਵਾਹ ਕੀਤੇ ਬਿਨਾਂ ਜਿਸ ਦਾ ਅਬਰਾਹਾਮ ਨੇ ਵਾਅਦੇ ਦੇ ਦੇਸ ਵਿੱਚ ਪਹੁੰਚਣ ਤੋਂ ਪਹਿਲਾਂ ਅਨੁਭਵ ਕੀਤਾ ਸੀ, ਪੁਰਖਾ ਉਦੋਂ ਵੀ ਦਿੜ੍ਹ ਰਿਹਾ ਜਦੋਂ ਕਨਾਨੀਆਂ ਨੇ ਉਸ ਇਲਾਕੇ ਤੇ ਕਬਜ਼ਾ ਕੀਤਾ ਹੋਇਆ ਸੀ।

**ਆਇਤ 7.** ਇੱਕ ਮਹੱਤਵਪੂਰਣ ਪਲ ਵਿੱਚ **ਯਹੋਵਾਹ ਨੇ ਅਬਰਾਮ ਨੂੰ ਦਰਸ਼ਨ ਦਿੱਤਾ**। ਉਤਪਤ ਦੇ ਬਿਰਤਾਂਤ ਅਨੁਸਾਰ, ਇਹ ਪਰਮੇਸ਼ੁਰ ਦੇ ਦਰਸ਼ਨ ਦਾ ਪਹਿਲੀ ਵਾਰ ਜ਼ਿਕਰ ਕੀਤਾ ਗਿਆ ਹੈ ਜੋ ਅਬਰਾਹਾਮ ਨੂੰ ਹੋਇਆ ਸੀ (ਵੇਖੋ 15:17; 17:1; 18:1), ਹਾਲਾਂਕਿ ਇਸਤੀਫ਼ਾਨ ਨੇ ਊਰ ਵਿੱਚ ਪਹਿਲਾਂ ਹੋਏ ਇੱਕ ਦਰਸ਼ਣ ਦਾ ਹਵਾਲਾ ਦਿੱਤਾ ਸੀ ਜਿਸ ਨੂੰ ਉਸ ਦੀ ਪਹਿਲੀ ਬੁਲਾਹਟ ਨਾਲ ਜੋੜਿਆ ਗਿਆ ਸੀ (ਰਸੂਲਾਂ ਦੇ ਕਰਤੱਬ 7:2)।[9] ਇਸ ਦਰਸ਼ਣ ਨੇ ਕਿਹੜਾ ਰੂਪ ਲਿਆ ਸੀ ਇਹ ਅਸਪੱਸ਼ਟ ਹੈ; ਪਰ, ਇਹ ਦਰਸ਼ਣ ਜਿਸ ਤਰ੍ਹਾਂ ਦਾ ਵੀ ਸੀ, ਇਸ ਦਰਸ਼ਣ ਨੇ ਇਸ ਨਵੇਂ ਦੇਸ ਵਿੱਚ ਪੁਰਖੇ ਨੂੰ ਯਹੋਵਾਹ ਦੀ ਹਜ਼ੂਰੀ ਦਾ ਮੁੜ ਭਰੋਸਾ ਦਿੱਤਾ ਸੀ।

ਯਾਹਵੇਹ ਨੇ ਫਿਰ ਵਾਇਦਾ ਕੀਤਾ, **ਤੇਰੀ ਅੰਸ ਨੂੰ ਮੈਂ ਇਹ ਧਰਤੀ ਦਿਆਂਗਾ**, ਹਾਲਾਂਕਿ ਉਸ ਸਮੇਂ ਅਬਰਾਹਾਮ ਦੀ ਕੋਈ ਅੰਸ ਨਹੀਂ ਸੀ। ਇਹ ਸ਼ਬਦ ਜਿਸ ਦਾ ਅਨੁਵਾਦ "ਅੰਸ" ਕੀਤਾ ਗਿਆ ਹੈ ਇੱਕ ਇਬਰਾਨੀ ਸ਼ਬਦ זֶרַע (*ਜ਼ੇਰਾ*) ਹੈ ਜਿਸ ਦਾ ਸ਼ਾਬਦਿਕ ਅਰਥ "ਸੰਤਾਨ" ਹੁੰਦਾ ਹੈ। ਇਸ ਨੂੰ ਨਿਯਮਤ ਤੌਰ ਤੇ ਸਮੂਹਿਕ ਨਾਂਵ ਦੇ ਰੂਪ ਵਿੱਚ ਵਰਤਿਆ ਜਾਂਦਾ ਅਤੇ ਬਹੁਵਚਨ "ਸੰਤਾਨਾਂ" ਦੇ ਰੂਪ ਵਿੱਚ ਅਨੁਵਾਦ ਕੀਤਾ ਗਿਆ ਹੈ (RSV; NEB)। ਇਸ ਸੰਦਰਭ ਵਿੱਚ, ਇਹ ਸਪੱਸ਼ਟ ਹੈ ਕਿ ਅਬਰਾਹਾਮ ਦੀ ਅੰਸ ਬਾਅਦ ਦੇ ਇਸਰਾਏਲੀਆਂ ਦਾ ਹਵਾਲਾ ਦਿੰਦੀ ਹੈ, ਜਿਹੜੇ ਉਸ ਤੋਂ ਆਉਣਗੇ ਅਤੇ ਵਾਅਦੇ ਦੀ ਧਰਤੀ ਦੇ ਅਧਿਕਾਰੀ ਹੋਣਗੇ ਅਤੇ ਇਹ ਸ਼ਬਦ ਇੱਕ ਮੁੱਖ ਵਿਚਾਰ ਹੈ ਜੋ ਪੂਰੀ ਉਤਪਤ ਦੀ ਪੁਸਤਕ ਵਿੱਚ ਕਹਾਣੀਆਂ ਦੇ ਵਿੱਚ ਚੱਲਦਾ ਹੈ।[10]

ਪਰਮੇਸ਼ੁਰ ਦੇ ਪੂਰਵਗਾਮੀ ਦਰਸ਼ਣ ਅਤੇ ਵਾਅਦੇ ਦੇ ਉੱਤਰ ਵਿੱਚ, ਅਬਰਾਹਾਮ ਦਾ ਪਹਿਲਾ ਕੰਮ ਸੀ **ਯਹੋਵਾਹ ਦੇ ਲਈ ਇੱਕ ਜਗਵੇਦੀ ਬਣਾਉਣਾ**।[11] ਉਸ ਨੇ ਯਾਹਵੇਹ ਨੂੰ ਉਸਤਤ ਅਤੇ ਧੰਨਵਾਦ ਪਰਗਟ ਕੀਤਾ, ਜਿਹੜਾ ਉਸ ਨੂੰ ਇੰਨੀ ਦੂਰੀ ਮਸੋਪੋਤਾਮੀਆ ਤੋਂ ਹਾਰਾਨ ਵਿੱਚ ਅਤੇ ਫਿਰ ਕਨਾਨ ਵਿੱਚ ਇੰਨੇ ਖ਼ਤਰਨਾਕ ਸਫ਼ਰ ਵਿੱਚੋਂ ਸਹੀ ਸਲਾਮਤ ਲੈ ਕੇ ਆਇਆ ਸੀ। ਜਦ ਕਿ ਕੁਝ ਇਸ ਦਾ ਇਨਕਾਰ ਕਰਦੇ ਹਨ ਕਿ ਇਹ ਜਗਵੇਦੀ ਕੁਰਬਾਨੀ ਵਾਲੀ ਬੰਦਗੀ ਦੀ ਕਲਪਨਾ ਕਰਦੀ ਹੈ, ਹੋਰ ਕੋਈ ਉਦੇਸ਼ ਸੰਦੇਹਪੂਰਣ ਹੈ। ਕਿਉਂਕਿ ਇਹ ਜਾਨਵਰਾਂ ਦੀ ਕੁਰਬਾਨੀ ਦਾ ਜ਼ਿਕਰ ਕੀਤੇ ਬਿਨਾਂ ਅਬਰਾਹਾਮ ਦੇ ਜਗਵੇਦੀ ਬਣਾਉਣ ਦਾ ਪਹਿਲਾ ਨਿਸ਼ਚਤ ਹਵਾਲਾ ਹੈ, ਇਹ ਕਿਹਾ ਜਾਂਦਾ ਹੈ ਕਿ ਜਗਵੇਦੀ ਸਿਰਫ ਪੁਰਖੇ ਦੀ ਨਿਹਚਾ ਦੀ ਪ੍ਰਤੀਕ ਹੈ ਕਿ ਉਸ ਦੀ ਅੰਸ ਨੂੰ ਇੱਕ ਦਿਨ ਉਹ ਦੇਸ ਮਿਲੇਗਾ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦੇਣ ਦਾ ਵਾਇਦਾ ਕੀਤਾ ਸੀ। ਫਿਰ

ਵੀ, ਲਗਭਗ ਉਤਪਤ ਦੀ ਸ਼ੁਰੂਆਤ ਤੋਂ, ਅਸੀਂ ਵੇਖਦੇ ਹਾਂ ਕਿ ਬਲੀਆਂ ਪਰਮੇਸ਼ੁਰ ਨੂੰ ਦਿੱਤੀਆਂ ਗਈਆਂ ਸਨ। ਹਾਬਲ ਨੇ ਪਰਮੇਸ਼ੁਰ ਨੂੰ ਜਾਨਵਰਾਂ ਦੀ ਬਲੀ ਚੜ੍ਹਾਈ (4:4), ਨੂਹ ਨੇ ਜਲ ਪਰਲੋ ਤੋਂ ਬਾਅਦ ਬਲੀ ਚੜ੍ਹਾਈ (8:20) ਅਤੇ ਬਾਅਦ ਵਿੱਚ ਅਬਰਾਹਾਮ ਨੇ ਆਪਣੇ ਪੁੱਤਰ ਇਸਹਾਕ ਦੀ ਥਾਂ ਤੇ ਇੱਕ ਛੱਤ੍ਰੇ ਨੂੰ ਬਲੀ ਚੜ੍ਹਾਇਆ (22:13)। ਅਜਿਹਾ ਸੰਦੇਹਵਾਦ ਉਨੀਵੀਂ ਸਦੀ ਦੀ ਦਸਤਾਵੇਜ਼ੀ ਪਰਿਕਲਪਨਾ ਦੀਆਂ ਕੱਟੜ ਪੂਰਵ-ਧਾਰਣਾਵਾਂ ਤੋਂ ਚੱਲਦਾ ਆਉਂਦਾ ਹੈ, ਜੋ ਦਾਅਵਾ ਕਰਦਾ ਹੈ ਕਿ ਅੱਗੇ ਆਉਣ ਵਾਲੇ ਸਮੇਂ ਵਿੱਚ ਜਾਜਕਾਂ ਨੇ ਅਜਿਹੀਆਂ ਬਲੀਆਂ ਵਾਲੀ ਬੰਦਗੀ ਨੂੰ ਈਜਾਦ ਕੀਤਾ ਸੀ ਅਤੇ ਫਿਰ ਅਸੀਂ ਇਸ ਦੇ ਬਾਰੇ ਪਿੱਛੇ ਪਿਉ ਦਾਦਿਆਂ ਦੀਆਂ ਕਹਾਣੀਆਂ ਵਿੱਚ ਪੜ੍ਹਦੇ ਹਾਂ।

ਕੁਝ ਇਹ ਵੀ ਕਲਪਨਾ ਕਰਦੇ ਹਨ ਕਿ ਜਦੋਂ ਤੱਕ ਪਰਮੇਸ਼ੁਰ ਨੇ ਇਹ ਦਰਸ਼ਣ ਨਹੀਂ ਸੀ ਦਿੱਤਾ ਤਦ ਪੁਰਖੇ ਨੇ ਆਖ਼ਰਕਾਰ ਇਹ ਵੀ ਸਮਝਣਾ ਸ਼ੁਰੂ ਨਹੀਂ ਸੀ ਕੀਤਾ ਕਿ ਯਾਹਵੇਹ ਹੋਰਨਾਂ ਦੇਵਤਿਆਂ ਵਿੱਚੋਂ ਇੱਕ ਨਹੀਂ ਸੀ, ਪਰ ਉਹ ਗੈਰ-ਯਹੂਦੀਆਂ ਦੇ ਖੇਤਰੀ ਦੇਵਤਿਆਂ ਨਾਲੋਂ ਕਿਤੇ ਵੱਡਾ ਸੀ। ਆਖ਼ਰਕਾਰ, ਪ੍ਰਾਚੀਨ ਲੋਕਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੇ ਦੇਵਤਿਆਂ ਦੀਆਂ ਸ਼ਕਤੀਆਂ ਭੂਗੋਲਿਕ ਖੇਤਰਾਂ ਤੱਕ ਹੀ ਸੀਮਤ ਸਨ, ਜਿਵੇਂ ਕਿ ਮਸੋਪੋਤਾਮੀਆ ਜਾਂ ਕਨਾਨ। ਫਿਰ ਵੀ, ਸੰਭਵ ਤੌਰ ਤੇ ਅਬਰਾਹਾਮ ਨੇ ਊਰ ਵਿੱਚ ਆਪਣਾ ਘਰ, ਜਾਂ ਬਾਅਦ ਵਿੱਚ ਹਾਰਾਨ ਨੂੰ ਤਦ ਤੱਕ ਨਹੀਂ ਛੱਡਿਆ ਹੋਵੇਗਾ ਜਦੋਂ ਤੱਕ ਉਸ ਨੇ ਪਹਿਲਾਂ ਹੀ ਇਹ ਪਰਤੀਤ ਨਹੀਂ ਸੀ ਕੀਤੀ ਕਿ ਯਾਹਵੇਹ ਨਵੇਂ ਦੇਸ ਵਿੱਚ ਜਿਸ ਦੇ ਵਿੱਚ ਉਹ ਜਾ ਰਿਹਾ ਸੀ ਉਸ ਦੀ, ਉਸ ਦੇ ਸੇਵਕਾਂ ਦੀ ਅਤੇ ਉਸ ਦੇ ਸਾਰੇ ਮਾਲ ਡੰਗਰਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਹਰੇਕ ਚੀਜ਼ ਮੁਹੱਈਆ ਕਰਨ ਦੇ ਲਈ ਵੱਡਾ ਸੀ।

ਅਸੀਂ ਜਾਣਦੇ ਹਾਂ ਕਿ ਅਬਰਾਹਾਮ ਨੇ, ਆਪਣੇ ਪਰਿਵਾਰ ਦੇ ਵਾਂਗ, ਇਸ ਤੋਂ ਪਹਿਲਾਂ ਕਿ ਯਹੋਵਾਹ ਨੇ ਉਸ ਨੂੰ ਊਰ ਵਿੱਚੋਂ ਬਾਹਰ ਸੱਦਿਆ ਦੂਜੇ ਦੇਵਤਿਆਂ ਦੀ ਸੇਵਾ ਕੀਤੀ ਸੀ (ਯਹੋਸ਼ੁਆ 24:2, 3) ਅਤੇ ਅਸੀਂ ਨਹੀਂ ਜਾਣਦੇ ਕਿ ਉਸ ਨੂੰ ਓਪਰੇ ਦੇਵਤਿਆਂ ਦੇ ਵਿਚਾਰਾਂ ਨੂੰ ਰੱਦ ਕਰਨ ਅਤੇ ਯਹੋਵਾਹ ਤੇ ਇੱਕ ਵਿਸ਼ਵਵਿਆਪੀ ਪਰਮੇਸ਼ੁਰ ਵਜੋਂ ਭਰੋਸਾ ਕਰਨ ਦੇ ਕਿੰਨਾ ਸਮਾਂ ਲੱਗਾ। ਅਸਲ ਵਿੱਚ, ਬਾਈਬਲ ਦੀ ਲਿਖਤ ਪਰਗਟ ਕਰਦੀ ਹੈ ਕਿ ਪੁਰਖੇ ਨੂੰ ਇਹ ਧਾਰਣਾ ਸਮਝਣ ਦੇ ਲਈ ਕਿ ਯਹੋਵਾਹ ਸੱਚਮੁੱਚ "ਸਰਬਸ਼ਕਤੀਮਾਨ ਪਰਮੇਸ਼ੁਰ ਹੈ" (17:1) ਅਤੇ ਉਸ ਦੇ ਲਈ "ਕੋਈ ਗੱਲ ਔਖੀ ਨਹੀਂ" (18:14) ਕਾਫੀ ਸਮਾਂ ਲੱਗਾ। ਦੂਜੇ ਪਾਸੇ, ਇਬਰਾਨੀਆਂ 11:8 ਕਹਿੰਦੀ ਹੈ ਕਿ "ਨਿਹਚਾ ਨਾਲ ਅਬਰਾਹਾਮ" ਆਪਣੇ ਦੇਸ ਨੂੰ ਛੱਡ ਕੇ "ਓਸ ਥਾਂ ਤੇ ਗਿਆ ਜਿਸ ਨੂੰ ਉਹ ਨੇ ਅਧਕਾਰ ਵਿੱਚ ਲੈਣਾ ਸੀ।" ਕਿਉਂਕਿ ਪਰਮੇਸ਼ੁਰ ਵਿੱਚ ਨਿਹਚਾ ਵਿੱਚ ਨਾ ਸਿਰਫ ਇਹ ਪਰਤੀਤ ਕਰਨਾ ਸ਼ਾਮਲ ਹੈ ਕਿ "ਉਹ ਹੈ" ਪਰ ਇਹ ਪਰਤੀਤ ਕਰਨਾ ਵੀ ਸ਼ਾਮਲ ਹੈ ਕਿ "ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ" (ਇਬਰਾਨੀਆਂ 11:6), ਅਬਰਾਹਾਮ ਨੂੰ ਇਹ ਪੂਰਾ ਭਰੋਸਾ ਹੋਵੇਗਾ ਕਿ ਪਰਮੇਸ਼ੁਰ ਕੋਲ ਆਪਣੇ ਵਾਅਦੇ ਨੂੰ ਪੂਰਾ ਕਰਨ ਦੀ ਯੋਗਤਾ ਅਤੇ ਇਮਾਨਦਾਰੀ ਹੈ।

**ਆਇਤ 8.** ਸ਼ਕਮ ਤੋਂ, ਅਬਰਾਹਾਮ **ਇੱਕ ਪਹਾੜ ਨੂੰ ਜੋ ਬੈਤ-ਏਲ ਤੋਂ ਪੂਰਬ ਵੱਲ** ਹੈ **ਬੈਤ-ਏਲ ਅਤੇ ਅਈ** ਵਿਚਕਾਰ ਹੈ ਗਿਆ। ਬੈਤ-ਏਲ ਦੀ ਬੀਟਿਨ ਦੇ ਨਾਲ ਪਛਾਣ ਕੀਤੀ ਜਾਂਦੀ ਹੈ, ਜਿਹੜਾ ਕਿ ਯਰੂਸ਼ਲਮ ਦੇ ਉੱਤਰ ਵਿੱਚ ਲਗਭਗ ਦਸ ਮੀਲ ਹੈ ਅਤੇ ਅਈ ਨੂੰ ਇਟ-ਟੈਲ (ਬੀਟਿਨ ਦੇ ਦੱਖਣ-ਪੂਰਬ ਵੱਲ ਲਗਭਗ ਦਸ ਮੀਲ) ਸਮਝਿਆ ਜਾਂਦਾ ਹੈ, ਹਾਲਾਂਕਿ ਕੁਝ ਲੋਕ ਹਾਲੇ ਵੀ ਉਨ੍ਹਾਂ ਦੀ ਪਹਿਚਾਣ ਤੇ ਵਿਵਾਦ ਕਰਦੇ ਹਨ।[12] ਬੈਤ-ਏਲ ਦਾ ਅਸਲੀ ਨਾਲ "ਲੂਜ਼" ਸੀ (28:19), ਪਰ ਲੇਖਕ ਨੇ ਇੱਥੇ ਇਸ ਦੇ ਬਦਲੇ ਜਾਣ ਦੀ ਉਮੀਦ ਵਿੱਚ ਇਸ ਦਾ ਨਵਾਂ ਨਾਮ

ਵਰਤਿਆ ਹੋਵੇਗਾ।

ਅਬਰਾਹਾਮ ਨੇ ਆਪਣਾ ਤੰਬੂ ਲਗਾਉਣ ਤੋਂ ਬਾਅਦ, **ਉਸ ਨੇ ਯਹੋਵਾਹ ਲਈ ਇੱਕ ਜਗਵੇਦੀ ਬਣਾਈ**। ਜ਼ੋਰ ਇਹ ਹੋ ਸਕਦਾ ਹੈ ਕਿ ਜਿੱਥੇ ਕਿੱਥੇ ਵੀ ਉਹ ਗਿਆ, ਇਸ ਪੁਰਖੇ ਨੇ ਕਦੇ ਨਕਾਨੀਆਂ ਦੀ ਜਗਵੇਦੀ ਨਹੀਂ ਵਰਤੀ। ਉਹ ਉਸ ਦੀ ਆਪਣੀ ਜਗਵੇਦੀ ਬਣਾਉਂਦਾ ਸੀ। ਮੂਲ ਲਿਖਤ ਇਹ ਵੀ ਕਹਿੰਦੀ ਹੈ ਕਿ ਅਬਰਾਹਾਮ ਨੇ **ਯਹੋਵਾਹ ਦਾ ਨਾਮ ਲਿਆ** (4:26 ਤੇ ਟਿੱਪਣੀਆਂ ਵੇਖੋ)। ਇਹ ਤੱਥ ਕਿ ਉਸ ਨੇ ਯਹੋਵਾਹ ਦਾ ਨਾਮ ਲਿਆ ਇਹ ਗੱਲ ਤੇ ਜ਼ੋਰ ਦਿੰਦਾ ਹੈ ਕਿ ਉਸ ਨੇ ਪ੍ਰਾਚੀਨ ਗੈਰ-ਯਹੂਦੀ ਸੰਸਾਰ ਦੇ ਇਸ ਸਾਂਝੇ ਰਵੱਈਏ ਨੂੰ ਰੱਦ ਕਰ ਦਿੱਤਾ ਕਿ ਦੇਸ ਅਤੇ ਦੇਵਤਾ ਕਦੇ ਅਲੱਗ ਨਹੀਂ ਸੀ ਹੋ ਸਕਦੇ। ਯਹੋਵਾਹ ਦਾ ਨਾਮ ਲੈਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਉਸ ਨੇ ਯਾਹਵੇਹ ਨੂੰ ਉਸ ਕਨਾਨ ਦੇਸ ਦਾ ਯਹੋਵਾਹ ਪਰਮੇਸ਼ੁਰ ਮੰਨਿਆ ਸੀ, ਜੋ ਪਰਮੇਸ਼ੁਰ ਨੇ ਉਸ ਦੀ ਅੰਸ ਨੂੰ ਦੇਣ ਦਾ ਵਾਇਦਾ ਕੀਤਾ ਸੀ।

**ਆਇਤ 9.** ਪੁਰਖੇ ਨੇ ਆਪਣੇ ਸਫ਼ਰ ਨੂੰ ਜਾਰੀ ਰੱਖਿਆ ਅਤੇ ਉਹ ਉੱਤਰ ਤੋਂ **ਦੱਖਣ ਵੱਲ** ਤੁਰਿਆ ਗਿਆ। ਵਾਇਦੇ ਦੇ ਦੇਸ ਦੇ ਦੱਖਣੀ ਹਿੱਸੇ ਵਿੱਚ ਦੱਖਣ ਇੱਕ ਵੱਡਾ ਇਲਾਕਾ ਸੀ ਜੋ ਦੱਖਣੀ ਬਰਸ਼ਬਾ ਦੇ ਨੇੜੇ ਯਹੂਦਾਹ ਦੀਆਂ ਪਹਾੜੀਆਂ ਤੋਂ ਲੈ ਕੇ ਕੇਦਾਸ਼ਬਰਨੀਆ ਤੱਕ ਫੈਲਿਆ ਹੋਇਆ ਸੀ। ਸੈਂਕੜਾਂ ਸਾਲਾਂ ਬਾਅਦ, ਇਸਰਾਏਲੀਆਂ ਨੇ ਕਾਦੇਸ਼ ਵਿੱਚ ਡੇਰਾ ਲਾਇਆ ਜਦ ਕਿ ਹਰ ਬਾਰਾਂ ਗੋਤਰਾਂ ਵਿੱਚੋਂ ਇੱਕ-ਇੱਕ ਆਦਮੀ ਕਨਾਨ ਦੇਸ ਦੀ ਖੋਜ ਕੱਢਣ ਦੇ ਲਈ ਗਿਆ (ਗਿਣਤੀ 13:1-26)। ਇਸ ਇਲਾਕੇ ਵਿੱਚ ਸਧਾਰਣ ਖੇਤੀਬਾੜੀ ਦੇ ਲਈ ਚੋਖੀ ਵਰਖਾ ਹੋਣ ਦੀ ਕਮੀ ਦੇ ਕਾਰਣ ਅਬਾਦੀ ਬਹੁਤ ਘੱਟ ਸੀ ਕਿਉਂਕਿ ਹਰ ਸਾਲ ਇੱਥੇ ਔਸਤਨ ਲਗਭਗ ਅੱਠ ਇੰਚ ਵਰਖਾ ਹੁੰਦੀ ਸੀ। ਫਿਰ ਵੀ, ਇੱਜੜਾਂ ਅਤੇ ਭੇਡਾਂ ਬੱਕਰੀਆਂ ਦੇ ਲਈ ਘਾਹ ਉੱਗਣ ਵਾਸਤੇ ਕਾਫੀ ਨਮੀ ਹੁੰਦੀ ਸੀ, ਘੱਟੋ-ਘੱਟ ਬਸੰਤ ਰੁੱਤ ਵਿੱਚ।

## ਅਬਰਾਹਾਮ ਅਤੇ ਸਾਰਾਹ ਮਿਸਰ ਵਿੱਚ (12:10-20)

12:1-9 ਵਿੱਚ ਅਤੇ 12:10-20 ਵਿੱਚ ਵਰਣਨ ਕੀਤੀਆਂ ਗਈਆਂ ਘਟਨਾਵਾਂ ਵਿਚਕਾਰ ਕਿੰਨਾ ਸਮਾਂ ਹੋਇਆ, ਅਸੀਂ ਨਹੀਂ ਜਾਣਦੇ। ਕਨਾਨ ਦੇ ਦੱਖਣੀ ਹਿੱਸੇ ਵਿੱਚ ਵਰਖਾ ਹਮੇਸ਼ਾ ਵਿਰਲੀ ਹੁੰਦੀ ਸੀ ਅਤੇ ਬੇਸ਼ੱਕ ਮਨੁੱਖਾਂ ਅਤੇ ਜਾਨਵਰਾਂ ਦੋਹਾਂ ਦੇ ਲਈ ਨਿਰਬਾਹ ਅਰਥ ਵਿਵਸਥਾ ਨੂੰ ਬਰਕਰਾਰ ਰੱਖਣਾ ਜ਼ਰੂਰੀ ਸੀ। ਵਰਖਾ ਦੇ ਅਬਰਾਹਾਮ ਦੀ ਟੋਲੀ ਨੂੰ ਨਿਰਾਸ਼ ਕਰਨ ਅਤੇ ਉਨ੍ਹਾਂ ਦੇ ਜੀਵਨਾਂ ਨੂੰ ਖ਼ਤਰੇ ਵਿੱਚ ਪਾਉਣ ਤੋਂ ਪਹਿਲਾਂ ਸ਼ਾਇਦ ਕਈ ਮਹੀਨੇ, ਜਾਂ ਸਗੋਂ ਵਰਹੇ ਬੀਤ ਗਏ ਹੋਣਗੇ, ਪਰ ਇੱਕ ਸਮਾਂ ਆਇਆ ਜਦੋਂ ਮੁਸਾਫ਼ਰਾਂ ਨੇ ਜੀਵਨ-ਜਾਂ-ਮੌਤ ਦੇ ਫ਼ੈਸਲੇ ਦਾ ਸਾਹਮਣਾ ਕੀਤਾ ਅਤੇ ਉਨ੍ਹਾਂ ਨੇ ਕਨਾਨ ਨੂੰ ਛੱਡ ਕੇ ਜਾਣਾ ਚੁਣਿਆ।

### ਮਿਸਰ ਵਿੱਚ ਅਬਰਾਹਾਮ ਦਾ ਧੋਖਾ (12:10-16)

**10ਫੇਰ ਉਸ ਦੇਸ ਵਿੱਚ ਕਾਲ ਪੈ ਗਿਆ ਅਤੇ ਅਬਰਾਮ ਵਾਸ ਕਰਨ ਲਈ ਮਿਸਰ ਨੂੰ ਗਿਆ**
**ਕਿਉਂਕਿ ਕਾਲ ਧਰਤੀ ਉੱਤੇ ਭਾਰੀ ਸੀ। 11ਐਉਂ ਹੋਇਆ ਜਦ ਉਹ ਮਿਸਰ ਵਿੱਚ ਵੜਨ ਲਈ ਨੇੜੇ**
**ਆਇਆ ਤਾਂ ਉਸ ਨੇ ਸਾਰਈ ਆਪਣੀ ਪਤਨੀ ਨੂੰ ਆਖਿਆ ਹੁਣ ਮੈਂ ਜਾਣਦਾ ਹਾਂ ਕਿ ਤੂੰ ਰੂਪਵੰਤੀ**
**ਇਸਤਰੀ ਹੈਂ। 12ਸੋ ਐਉਂ ਹੋਊਗਾ ਜਦ ਮਿਸਰੀ ਤੈਨੂੰ ਵੇਖਣਗੇ ਤਦ ਓਹ ਕਹਿਣਗੇ ਕਿ ਇਹ ਉਸ**
**ਦੀ ਤੀਵੀਂ ਹੈ' ਅਤੇ ਓਹ ਮੈਨੂੰ ਮਾਰ ਸੁੱਟਣਗੇ ਪਰ ਤੈਨੂੰ ਜੀਉਂਦੀ ਰੱਖ ਲੈਣਗੇ। 13ਤੂੰ ਆਖੀਂ ਕਿ ਮੈਂ**
**ਉਹ ਦੀ ਭੈਣ ਹਾਂ ਤਾਂ ਜੋ ਤੇਰੇ ਕਾਰਨ ਮੇਰਾ ਭਲਾ ਹੋਵੇ ਅਤੇ ਮੇਰੀ ਜਾਨ ਤੇਰੇ ਕਾਰਨ ਬਚ ਰਹੇ।**
**14ਤਾਂ ਐਉਂ ਹੋਇਆ ਜਦ ਅਬਰਾਮ ਮਿਸਰ ਵਿੱਚ ਆਇਆ ਤਾਂ ਮਿਸਰੀਆਂ ਨੇ ਉਹ ਦੀ ਪਤਨੀ ਨੂੰ**

**ਵੇਖਿਆ ਕਿ ਉਹ ਬਹੁਤ ਸੋਹਣੀ ਹੈ। [15]ਅਤੇ ਫ਼ਿਰਾਊਨ ਦੇ ਸਰਦਾਰਾਂ ਨੇ ਉਹ ਨੂੰ ਵੇਖਕੇ ਫ਼ਿਰਾਊਨ ਦੇ ਅੱਗੇ ਉਹ ਦੀ ਵਡਿਆਈ ਕੀਤੀ ਤਾਂ ਉਹ ਤੀਵੀਂ ਫ਼ਿਰਾਊਨ ਦੇ ਘਰ ਵਿੱਚ ਪਹੁੰਚਾਈ ਗਈ। [16]ਅਤੇ ਉਸ ਨੇ ਅਬਰਾਮ ਨਾਲ ਉਹ ਦੇ ਕਾਰਨ ਭਲਿਆਈ ਕੀਤੀ ਸੋ ਉਹ ਦੇ ਕੋਲ ਇੱਜੜ ਅਰ ਗਾਈਆਂ ਬਲਦ ਅਰ ਗਧੇ ਅਰ ਗੋਲੇ ਗੋਲੀਆਂ ਅਰ ਗਧੀਆਂ ਅਰ ਊਠ ਹੋ ਗਏ।**

**ਆਇਤ 10. ਕਾਲ** ਪੈਣ ਦੇ ਬਾਵਜੂਦ ਵੀ, ਅਬਰਾਹਾਮ ਨੇ ਲੋਕਾਂ, ਇੱਜੜਾਂ ਅਤੇ ਪਸ਼ੂਆਂ ਨੂੰ ਨਾਲ ਲੈ ਕੇ **ਵਾਸ ਕਰਨ ਲਈ ਮਿਸਰ ਨੂੰ ਜਾਣਾ ਚੁਣਿਆ**। ਦੂਜੇ ਦੇਸ ਵਿੱਚ ਜਾ ਕੇ ਵੱਸਣ ਦਾ ਕਾਰਣ ਜ਼ੋਰ ਦੇ ਲਈ ਦੁਹਰਾਇਆ ਗਿਆ ਹੈ: ਹੁਣ ਕਨਾਨ ਦੇਸ ਉਸ ਦੇ ਘਰਾਣੇ ਨੂੰ ਆਹਾਰ ਨਹੀਂ ਸੀ ਦੇ ਸਕਦਾ ਕਿਉਂਕਿ **ਕਾਲ ਧਰਤੀ ਉੱਤੇ ਭਾਰੀ ਸੀ** (ਵੇਖੋ 26:1; 41:54, 56; 43:1)।[13]

ਸ਼ਪੱਸ਼ਟ ਰੂਪ ਵਿੱਚ, ਅਬਰਾਹਾਮ ਨੇ ਸੁਣਿਆ ਸੀ ਕਿ ਮਿਸਰ ਵਿੱਚ ਬਹੁਤ ਸਾਰਾ ਭੋਜਨ ਉਪਲਬਧ ਸੀ। ਹਾਲਾਂਕਿ ਅਸਲ ਵਿੱਚ ਉਸ ਦੇਸ ਵਿੱਚ ਬਹੁਤ ਘੱਟ ਵਰਖਾ ਹੋਈ ਸੀ, ਇਸ ਦਾ ਉਪਜਾਊਪਣ ਮੱਧ ਅਫਰੀਕਾ ਵਿੱਚ ਵਰਖਾ ਤੋਂ ਹੀ ਆਇਆ ਸੀ, ਜਿਸ ਦੇ ਕਾਰਣ ਹਰ ਸਾਲ ਨੀਲ ਨਦੀ ਵਿੱਚ ਹੜ੍ਹ ਆਉਣ ਲੱਗ ਪਿਆ ਅਤੇ ਧਰਤੀ ਉੱਤੇ ਇੱਕ ਸ਼ਾਨਦਾਰ, ਨਵੀਂ ਦਰਾਰ ਬਣ ਗਈ। ਫਿਰ, ਜਦੋਂ ਨੀਲ ਨਦੀ ਦੇ ਪਾਣੀ ਘੱਟ ਗਏ, ਜ਼ਮੀਨ ਸੁੱਕ ਗਈ ਤਾਂ ਜ਼ਮੀਨ ਨੇ ਢੇਰ ਸਾਰੀ ਫਸਲ ਦਿੱਤੀ। ਬਹੁਤ ਸਾਰੇ ਲੋਕ ਮਿਸਰ ਨੂੰ ਭੂਮੱਧ ਸਾਗਰ ਦੀ ਰੋਟੀ ਦੀ ਟੋਕਰੀ ਦੇ ਰੂਪ ਵਿੱਚ ਵੇਖਦੇ ਸਨ। ਜ਼ਿਆਦਾਤਰ ਸਮੇਂ ਦੇ ਲਈ, ਇਹ ਆਲੇ-ਦੁਆਲੇ ਦੀਆਂ ਜ਼ਮੀਨਾਂ ਦੇ ਵਾਂਗ ਸੰਵੇਦਨਸ਼ੀਲ ਨਹੀਂ ਸੀ ਜਿਨ੍ਹਾਂ ਨੂੰ ਸੋਕੇ ਦੇ ਕਾਰਣ ਆਰਥਿਕ ਤੌਰ ਤੇ ਕਸ਼ਟ ਝੱਲਣਾ ਪੈਂਦਾ ਸੀ।

ਇਨ੍ਹਾਂ ਫਾਇਦਿਆਂ ਤੋਂ ਇਲਾਵਾ, ਅਬਰਾਹਾਮ ਨੇ ਹੋਰ ਅਫਵਾਹਾਂ ਸੁਣੀਆਂ ਸਨ। ਮਿਸਰੀ ਲੋਕ ਕੀ ਕਰਦੇ ਸਨ ਕਿ ਉਨ੍ਹਾਂ ਦੇ ਦੇਸ ਵਿੱਚ ਬਾਹਰੋਂ ਜਿੰਨੇ ਵੀ ਮੁਸਾਫ਼ਰ ਸੋਹਣੀਆਂ ਤੀਵੀਆਂ ਨਾਲ ਆਉਂਦੇ ਸਨ ਉਹ ਉਨ੍ਹਾਂ ਦੀਆਂ ਤੀਵੀਆਂ ਨੂੰ ਆਪਣੀਆਂ ਤੀਵੀਆਂ ਬਣਾਉਣ ਦੇ ਲਈ ਮੁਸਾਫ਼ਰਾਂ ਨੂੰ ਜਾਨੋਂ ਮਾਰ ਦਿੰਦੇ ਸਨ। ਇਹ ਉਹ ਥਾਂ ਨਹੀਂ ਸੀ ਜਿੱਥੇ ਅਬਰਾਹਾਮ ਵੱਸਣਾ ਚਾਹੁੰਦਾ ਸੀ। "ਗਿਆ" (גּוּר, *ਗੁਰ*) ਦਾ ਅਰਥ ਹੈ ਪਰਦੇਸੀ ਰਹਿਣਾ। ਉਹ ਅਤੇ ਸਾਰਾਹ ਮਿਸਰ ਵਿੱਚ ਅਸਥਾਈ ਵਾਸੀਆਂ ਵਜੋਂ ਰਹਿਣਗੇ, ਆਪਣੇ ਸਾਕਾਂ ਜਾਂ ਨਾਗਰਿਕਾਂ ਦੇ ਸੁਰੱਖਿਆ ਦੇ ਹੱਕਾਂ ਤੋਂ ਬਿਨਾਂ। ਹਾਲਾਤ ਇਸ ਪੁਰਖੇ ਦੇ ਲਈ ਇੱਕ ਥਾਂ ਰੁਕ ਕੇ ਅੱਗੇ ਨੂੰ ਕਿਹੜਾ ਰਾਹ ਲੈਣਾ ਚਾਹੀਦਾ ਹੈ ਉਸ ਸੰਬੰਧੀ ਯਹੋਵਾਹ ਦਾ ਮਾਰਗ-ਦਰਸ਼ਣ ਭਾਲਣ ਦਾ ਕਾਰਣ ਬਣੇ ਹੋਣਗੇ। ਕਾਲ ਦੇ ਬਾਵਜੂਦ, ਉਸ ਦਾ ਪਹਿਲਾ ਵਿਕਲਪ ਉਸ ਦੇਸ ਵਿੱਚ ਵੱਸਣਾ ਸੀ ਜਿਸ ਵਿੱਚ ਪਰਮੇਸ਼ੁਰ ਉਸ ਨੂੰ ਲੈ ਕੇ ਗਿਆ ਸੀ। ਦੂਜੀ ਸੰਭਾਵਨਾ ਕਨਾਨ ਨੂੰ ਛੱਡ ਕੇ ਮਿਸਰ ਨੂੰ ਜਾਣ ਦੀ ਸੀ। ਦੋਵੇਂ ਕਾਰਜ ਵਿਧੀਆਂ ਖ਼ਤਰੇ ਅਤੇ ਸੰਭਵ ਮੌਤ ਦਾ ਦਾਅਵਾ ਕਰਦੀਆਂ ਸਨ। ਇੱਕ ਵਾਰ ਫੇਰ, ਅਬਰਾਹਾਮ ਨੇ ਸ਼ਾਇਦ ਆਪਣੀ ਨਿਹਚਾ ਨਾਲ ਜੱਦੋ-ਜਹਿਦ ਕੀਤੀ ਹੋਵੇਗੀ, ਕਿਉਂਕਿ ਸਾਨੂੰ ਇਹੋ ਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਉਹ ਇਹ ਗੱਲ ਯਹੋਵਾਹ ਤੱਕ ਲੈ ਕੇ ਗਿਆ। ਸ਼ਾਇਦ ਉਸ ਨੇ ਆਪਣੀ ਮਰਜ਼ੀ ਨਾਲ ਦੇਸ ਨੂੰ ਛੱਡਣ ਦਾ ਫ਼ੈਸਲਾ ਕੀਤਾ ਹੋਵੇਗਾ ਜੋ ਪਰਮੇਸ਼ੁਰ ਨੇ ਉਸ ਦੇ ਵੰਸ਼ਾਂ ਨੂੰ ਦੇਣ ਦਾ ਵਾਇਦਾ ਕੀਤਾ ਸੀ (12:7) ਅਤੇ ਉਸ ਨੇ ਬਚਣ ਦੀ ਚਾਲ ਵਜੋਂ ਧੋਖਾ ਕੀਤਾ ਸੀ।

**ਆਇਤਾਂ 11, 12.** ਜਦੋਂ ਉਸਦਾ ਦਲ **ਮਿਸਰ ਵਿੱਚ ਵੜਨ ਲਈ ਨੇੜੇ ਆਇਆ ਤਾਂ** ਪੁਰਖੇ ਨੇ **ਆਪਣੀ ਪਤਨੀ ਸਾਰਈ** ਨੂੰ ਚੇਤਾਵਨੀ ਦਿੱਤੀ ਕਿ, ਇੱਕ **ਰੂਪਵੰਤੀ ਇਸਤਰੀ** ਹੋਣ ਦੇ ਨਾਤੇ, ਉਹ ਮਿਸਰੀਆਂ ਦੀ ਨਜ਼ਰ ਵਿਚ ਆ ਜਾਵੇਗੀ। ਉਹ ਉਸ ਨੂੰ ਵੇਖਣਗੇ ਅਤੇ ਸਮਝ ਜਾਣਗੇ ਕਿ ਉਹ ਉਸ ਦੀ ਪਤਨੀ ਹੈ। ਫਿਰ, ਉਸ ਨੇ ਕਿਹਾ, **ਓਹ ਮੈਨੂੰ ਮਾਰ ਸੁੱਟਣਗੇ ਪਰ ਤੈਨੂੰ ਜੀਉਂਦੀ**

**ਰੱਖ ਲੈਣਗੇ**। ਅਬਰਾਹਾਮ ਨੂੰ ਪੱਕਾ ਪਤਾ ਸੀ ਕਿ, ਬਹੁਤ ਸਾਰੇ ਪੁਰਾਤਨ ਸਮਾਜਾਂ ਵਿਚ, ਅਕਸਰ ਪਰਦੇਸੀਆਂ ਨੂੰ ਖਤਰਾ ਹੁੰਦਾ ਸੀ। ਕਿਉਂਕਿ ਉਨ੍ਹਾਂ ਨੂੰ ਉਸ ਕਿਸਮ ਦੀ ਸੁਰੱਖਿਆ ਅਤੇ ਸਮਰਥਨ ਨਹੀਂ ਮਿਲਦੇ ਜੋ ਆਮ ਤੌਰ ਤੇ ਨਾਗਰਿਕਾਂ ਨੂੰ ਆਪਣੇ ਦੇਸ ਵਿਚ ਮਿਲਦੇ ਹਨ। ਇਹ ਗੱਲ ਅਸਪੱਸ਼ਟ ਹੈ, ਕਿ ਉਸ ਨੇ ਕਨਾਨ ਵਿਚ ਸੁਰੱਖਿਅਤ ਪਰ ਮਿਸਰ ਵਿਚ ਅਸੁਰੱਖਿਅਤ ਮਹਿਸੂਸ ਕਿਉਂ ਕੀਤਾ, ਇਸ ਤੱਥ ਤੋਂ ਇਲਾਵਾ ਇਹ ਆਮ ਸਮਝਿਆ ਗਿਆ ਸੀ ਕਿ ਘੱਟੋ ਘੱਟ ਕੁਝ ਮਿਸਰੀ ਲੋਕ ਪਤਨੀ ਚੋਰੀ ਕਰਦੇ ਸਨ ਅਤੇ ਪਤੀ ਨੂੰ ਬੇਰਹਿਮੀ ਦੇ ਨਾਲ ਕਤਲ ਕਰ ਦਿੰਦੇ ਸਨ। ਇਸ ਤੋਂ ਇਲਾਵਾ, ਭਾਵੇਂ ਅਬਰਾਹਾਮ ਇਹ ਨਹੀਂ ਜਾਣਦਾ ਸੀ ਕਿ ਫ਼ਿਰਾਊਨ ਅਤੇ ਉਸ ਦੇ ਅਧਿਕਾਰੀ ਸੱਚਮੁੱਚ ਅਜਿਹੇ ਕੰਮਾਂ ਵਿਚ ਸ਼ਾਮਲ ਸਨ, ਪਰ ਉਸ ਨੂੰ ਸ਼ੱਕ ਸੀ ਕਿ ਜਦੋਂ ਮਿਸਰੀ ਲੋਕ ਆਪਣੇ ਦੇਸ ਵਿਚ ਆਉਣ ਵਾਲੇ ਅਜਨਬੀ ਲੋਕਾਂ ਦੇ ਨਾਲ ਇਸ ਤਰ੍ਹਾਂ ਦੇ ਅੱਤਿਆਚਾਰ ਕਰਦੇ ਸਨ ਤਾਂ ਸਧਾਰਣ ਤੌਰ ਤੇ ਸਰਕਾਰੀ ਅਧਿਕਾਰੀ ਇਸ ਉੱਤੇ ਧਿਆਨ ਨਹੀਂ ਦਿੰਦੇ ਸਨ।

ਸਾਰਾਹ ਦੀ ਸੁੰਦਰਤਾ ਦੇ ਵਿਸ਼ੇ ਵਿਚ ਅਕਸਰ ਸਵਾਲ ਉੱਠਦੇ ਹਨ। ਇੱਕ ਪਹਿਠਾਂ[14] ਸਾਲਾਂ ਦੀ ਇਸਤਰੀ ਇੰਨੀ "ਖੂਬਸੂਰਤ" ਕਿਵੇਂ ਹੋ ਸਕਦੀ ਹੈ ਕਿ ਆਦਮੀ ਉਸ ਦੇ ਕਾਰਨ ਕਤਲ ਤੱਕ ਕਰ ਦੇਣਗੇ? ਕਈ ਵਿਆਖਿਆਵਾਂ ਪੇਸ਼ ਕੀਤੀਆਂ ਗਈਆਂ ਹਨ ਪਰ ਸਭ ਤੋਂ ਵੱਧ ਸੰਭਾਵਨਾ ਇਹ ਹੈ ਕਿ ਪੁਰਖਿਆਂ ਦੇ ਯੁੱਗ ਦੇ ਲੋਕ ਜ਼ਿਆਦਾ ਲੰਬਾ ਜੀਵਨ ਜੀਉਂਦੇ ਸਨ ਅਤੇ ਉੱਨੀ ਜਲਦੀ ਬੁੱਢੇ ਨਹੀਂ ਹੁੰਦੇ ਸਨ ਜਿੰਨਾ ਜਲਦੀ ਅੱਜ ਅਸੀਂ ਹੁੰਦੇ ਹਾਂ। ਕਿਉਂਕਿ ਸਾਰਾਹ ਦੀ ਉਮਰ 127 ਸਾਲ ਸੀ (23:1), ਇਸ ਲਈ ਜਦੋਂ ਉਹ ਅਤੇ ਅਬਰਾਹਾਮ ਮਿਸਰ ਵਿਚ ਗਏ ਸਨ ਤਾਂ ਉਸ ਸਮੇਂ ਅਸਲ ਵਿਚ ਉਹ ਆਪਣੀ ਉਮਰ ਦੇ ਅੱਧ ਵਿਚ ਸੀ।

**ਆਇਤ 13.** ਅਬਰਾਹਾਮ ਨੇ ਸਾਰਾਹ ਦੇ ਸਾਹਮਣੇ ਬੇਨਤੀ ਕੀਤੀ, ਕਿ ਉਹ ਇਹ ਨਾ ਕਹੇ ਕਿ ਉਹ ਦੋਵੇਂ ਪਤੀ ਪਤਨੀ ਹਨ ਸਗੋਂ ਇਹ ਆਖੇ ਕਿ ਉਹ ਉਸ ਦੀ **ਭੈਣ** ਹੈ ਤਾਂ ਕਿ ਉਸ ਦਾ **ਭਲਾ ਹੋਵੇ** ਅਤੇ ਮਿਸਰੀ ਉਸ ਨੂੰ ਜ਼ਿੰਦਾ ਰਹਿਣ ਦੇਣ। ਬੇਸ਼ੱਕ, ਸਾਰਾਹ ਅਬਰਾਹਾਮ ਦੀ ਪਤਨੀ ਸੀ; ਪਰ ਉਹ ਉਸ ਦੀ ਅੱਧੀ-ਭੈਣ ਵੀ ਸੀ, ਕਿਉਂਕਿ ਉਨ੍ਹਾਂ ਦਾ ਪਿਤਾ ਇੱਕੋ (ਤਾਰਾਹ) ਸੀ ਪਰ ਮਾਵਾਂ ਵੱਖ-ਵੱਖ ਸਨ (20:12)। ਇੱਥੇ ਫਿਰ, ਅਸੀਂ ਵੇਖਦੇ ਹਾਂ ਕਿ ਪੁਰਖਾ ਆਪਣੇ ਵਿਸ਼ਵਾਸ ਵਿਚ ਪੱਕਾ ਨਹੀਂ ਸੀ ਕਿਉਂਕਿ ਉਹ ਆਪਣੀ ਪਤਨੀ ਦੀ ਸੁਰੱਖਿਆ ਦੀ ਬਜਾਇ ਆਪਣੀ ਭਲਾਈ ਦੇ ਲਈ ਵਧੇਰੇ ਚਿੰਤਿਤ ਸੀ, ਇਸੇ ਲਈ ਉਸ ਨੇ ਮਿਸਰੀਆਂ ਦੇ ਕੋਲੋਂ ਆਪਣੇ ਰਿਸ਼ਤੇ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਇਸ ਗੱਲ ਨੂੰ ਪਰਗਟ ਕਰ ਦਿੱਤਾ ਸੀ ਕਿ ਉਸ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਸੀ ਕਿ ਉਸ ਦੀ ਪਤਨੀ ਨੂੰ ਕਿਸੇ ਹੋਰ ਦੇ ਬਿਸਤਰ ਤੇ ਲਿਜਾਇਆ ਜਾ ਸਕਦਾ ਹੈ, ਜਾਂ ਉਸ ਦਾ ਗਲਤ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਉਸ ਨੇ ਸ਼ਾਇਦ ਇਸ ਬਾਰੇ ਵੀ ਵਿਚਾਰ ਨਹੀਂ ਕੀਤਾ ਸੀ ਕਿ ਉਸ ਦੀ ਪਤਨੀ ਦਾ ਵਿਸ਼ਵਾਸ ਜਾਂ ਆਤਮਿਕ ਜੀਵਨ ਉਸ ਦੇ ਪਤੀ ਦੀ ਧੋਖੇਬਾਜ਼ੀ ਦੇ ਨਾਲ ਸਮਝੌਤਾ ਕਰਨ ਦੇ ਕਾਰਣ ਕਾਇਮ ਰਹਿ ਸਕੇਗੀ ਜਾਂ ਨਹੀਂ। ਇਸ ਤੋਂ ਇਲਾਵਾ, ਸਾਨੂੰ ਇਹ ਵੀ ਪੜ੍ਹਣ ਦੇ ਲਈ ਨਹੀਂ ਮਿਲਦਾ ਕਿ ਅਬਰਾਹਾਮ ਨੇ ਪ੍ਰਭੂ ਦੇ ਸਾਹਮਣੇ ਪ੍ਰਾਰਥਨਾ ਕੀਤੀ ਸੀ ਕਿ ਉਹ ਇਸ ਓਪਰੇ ਦੇਸ ਵਿਚ ਉਨ੍ਹਾਂ ਲੋਕਾਂ ਤੋਂ ਉਸ ਦੀ ਰੱਖਿਆ ਕਰੇ ਜੋ ਉਸ ਨੂੰ ਉਸ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਉਸ ਨੇ ਸਪੱਸ਼ਟ ਤੌਰ ਤੇ ਬੱਸ ਆਪਣੀ ਪਤਨੀ ਦੇ ਵਿਸ਼ੇ ਵਿਚ ਝੂਠ ਬੋਲਣ ਦਾ ਫੈਸਲਾ ਕਰ ਲਿਆ ਸੀ, ਪਰ ਇਸ ਗੱਲ ਨੂੰ ਕਾਇਮ ਰੱਖਿਆ ਸੀ ਕਿ ਉਸ ਦੇ ਨਾਲ ਉਸ ਦਾ ਰਿਸ਼ਤਾ ਸਿਰਫ ਇੱਕ ਭਰਾ ਦਾ ਹੀ ਸੀ।

ਕਈ ਲੋਕ ਇਸ ਅਨੁਮਾਨ ਲਾ ਕੇ ਅਬਰਾਹਾਮ ਦੇ ਕੰਮਾਂ ਦੀ ਗੰਭੀਰਤਾ ਨੂੰ ਖਤਮ ਕਰਨਾ ਚਾਹੁੰਦੇ ਹਨ ਕਿ ਸਾਰਾਹ ਦਾ ਭਰਾ ਹੋਣ ਦਾ ਦਾਅਵਾ ਕਰਕੇ ਅਸਲ ਵਿਚ ਉਹ ਉਨ੍ਹਾਂ ਪ੍ਰਸਤਾਵਾਂ

ਅਤੇ ਬੇਨਤੀਆਂ ਨੂੰ ਮੋੜ ਦੇਵੇਗਾ ਜੋ ਆਦਮੀ ਲੋਕ ਪੇਸ਼ ਕਰਨਗੇ, ਜਿਨ੍ਹਾਂ ਦੀ ਇਜਾਜ਼ਤ ਉਸ ਨੂੰ ਕਦੀ ਵੀ ਨਹੀਂ ਦੇਣੀ ਪਵੇਗੀ। ਹੋ ਸਕਦਾ ਹੈ ਕਿ ਉਸ ਨੇ ਆਸ ਕੀਤੀ ਹੋਵੇ ਕਿ ਉਹ ਉਸ ਸਮੇਂ ਤੱਕ ਉੱਥੇ ਰੁਕੇਗਾ ਜਦੋਂ ਤੱਕ ਅਕਾਲ ਬੀਤ ਨਾ ਜਾਵੇ ਅਤੇ ਉਸ ਤੋਂ ਬਾਅਦ ਉਹ ਅਤੇ ਉਸ ਦਾ ਪਰਿਵਾਰ ਕਨਾਨ ਵਿਚ ਵਾਪਸ ਚਲੇ ਜਾਣਗੇ। ਪਰ, ਮੂਲਲਿਖਤ ਦੇ ਵਿਚ ਪੁਰਖੇ ਨੂੰ ਮਾਫ ਕਰਨ ਦੇ ਲਈ ਇਸ ਤਰ੍ਹਾਂ ਦੀ ਕੋਈ ਆਧਾਰ ਨਹੀਂ ਪਾਇਆ ਜਾਂਦਾ ਹੈ। ਇਸ ਬਿਰਤਾਂਤ ਤੋਂ ਸਾਫ ਪਤਾ ਲੱਗਦਾ ਹੈ ਕਿ ਅਬਰਾਹਾਮ ਨੇ ਕਾਇਰਤਾ ਭਰਿਆ ਕੰਮ ਕੀਤਾ ਸੀ ਜਿਸ ਕਰਕੇ ਉਸ ਨੇ ਆਪਣੀ ਪਤਨੀ ਨੂੰ ਆਪਣੇ ਰਿਸ਼ਤੇ ਬਾਰੇ ਝੂਠ ਬੋਲ ਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕਰਨ ਵਾਲਿਆਂ ਤੋਂ ਬਚਾਉਣ ਦੇ ਲਈ ਮਨਾ ਲਿਆ ਸੀ।

**ਆਇਤਾਂ 14, 15.** ਜਦੋਂ ਅਬਰਾਹਾਮ **ਮਿਸਰ** ਵਿਚ ਦਾਖਲ ਹੋਇਆ, ਤਾਂ ਜਿਵੇਂ ਉਸ ਨੂੰ ਡਰ ਸੀ, **ਮਿਸਰੀਆਂ ਨੇ ਉਹ ਦੀ ਪਤਨੀ ਨੂੰ ਵੇਖਿਆ ਕਿ ਉਹ** [ਉਹ] **ਬਹੁਤ ਸੋਹਣੀ ਹੈ**। ਫ਼ਿਰਾਊਨ[15] ਦੇ ਸਰਦਾਰਾਂ ਨੇ ਉਸ ਦੀ ਸੁੰਦਰਤਾ ਨੂੰ ਵੇਖਿਆ ਅਤੇ ਰਾਜੇ ਨੂੰ ਇਸ ਦੀ ਜਾਣਕਾਰੀ ਦਿੱਤੀ। ਨਤੀਜੇ ਵਜੋਂ, ਉਹ **ਫ਼ਿਰਾਊਨ ਦੇ ਘਰ ਵਿੱਚ ਪਹੁੰਚਾਈ ਗਈ**। ਮੂਲ ਲਿਖਤ ਸਾਨੂੰ ਅਬਰਾਹਾਮ ਦੀ ਬੇਨਤੀ ਤੇ ਸਾਰਾਹ ਦੀ ਪ੍ਰਕਿਰਿਆ ਦੇ ਵਿਸ਼ੇ ਵਿਚ ਕੁਝ ਵੀ ਨਹੀਂ ਦੱਸਦੀ ਹੈ। ਉਸ ਨੇ ਉਸ ਦੀ ਕਪਟੀ ਯੋਜਨਾ ਦੇ ਵਿਸ਼ੇ ਵਿਚ ਕਿਹੋ ਜਿਹਾ ਮਹਿਸੂਸ ਕੀਤਾ ਸੀ? ਜਦੋਂ ਮਿਸਰ ਦੇ ਅਧਿਕਾਰੀ ਉਸ ਨੂੰ ਰਾਜੇ ਦੇ ਜਨਾਨਖਾਨੇ ਵਿਚ ਲੈ ਗਏ ਤਾਂ ਕੀ ਉਸ ਨੇ ਇਸ ਨੂੰ ਸਵੀਕਾਰ ਕੀਤਾ ਅਤੇ ਖੁਸ਼ੀ ਦੇ ਨਾਲ ਇਸ ਗੱਲ ਦਾ ਸਮਰਥਨ ਕੀਤਾ ਸੀ? ਉਸ ਦੀ ਚੁੱਪ ਤੋਂ ਸਾਨੂੰ ਲੱਗਦਾ ਹੈ ਕਿ ਉਹ ਆਪਣੇ ਪਤੀ ਨੂੰ ਬਚਾਉਣ ਦੇ ਲਈ ਇਸ ਚਾਲ ਵਿਚ ਸਹਿਯੋਗ ਕਰਨ ਦੇ ਲਈ ਸਹਿਮਤ ਹੋ ਗਈ ਸੀ, ਭਾਵੇਂ ਸ਼ਾਇਦ ਇਸ ਸਥਿਤੀ ਵਿਚ ਉਸ ਨੇ ਆਪਣੇ ਆਪ ਨੂੰ ਬਹੁਤ ਹੀ ਮਾਮੂਲੀ ਅਤੇ ਮਜ਼ਬੂਰ ਮਹਿਸੂਸ ਕੀਤਾ ਸੀ। ਬੇਸ਼ੱਕ, ਇਸ ਸੋਚਣ ਦੇ ਦੁਆਰਾ ਉਸ ਨੇ ਵਿਅਕਤੀਗਤ ਘ੍ਰਿਣਾ ਨੂੰ ਸਹਿਆ ਸੀ ਕਿ ਉਸ ਨੂੰ ਇਕਦਮ ਅਣਜਾਣ ਵਿਅਕਤੀ ਦੇ ਦੁਆਰਾ ਭ੍ਰਿਸ਼ਟ ਕੀਤਾ ਜਾਵੇਗਾ, ਜਿਸ ਦੇ ਨਾਲ ਵਿਆਹ ਕਰਨ ਦੇ ਲਈ ਉਸ ਨੂੰ ਮਜ਼ਬੂਰ ਕੀਤਾ ਗਿਆ ਸੀ।

**ਆਇਤ 16.** ਇਸ ਸਮੇਂ ਦੌਰਾਨ, ਅਬਰਾਹਾਮ ਨੂੰ ਆਪਣੀ ਕਲਪਿਤ ਭੈਣ[16] ਦੇ ਘਾਟੇ ਦਾ ਮੁਆਵਜ਼ਾ ਦੇਣ ਦੇ ਲਈ, ਫ਼ਿਰਾਊਨ ਨੇ ਉਸ ਨੂੰ ਬਹੁਤ ਸਾਰੇ **ਇੱਜੜ ਅਰ ਗਾਈਆਂ ਬਲਦ ਅਰ ਗਧੇ ਅਰ ਗੋਲੇ ਗੋਲੀਆਂ ਅਰ ਗਧੀਆਂ ਅਰ ਉੱਠ ਦਾ** ਇਨਾਮ ਦਿੱਤਾ ਗਿਆ। ਇੱਥੇ ਸੂਚੀਬੱਧ ਜਾਨਵਰ ਅਤੇ ਦਾਸ ਆਮ ਤੌਰ ਤੇ ਅਮੀਰ ਲੋਕਾਂ ਦੇ ਨਾਲ ਸੰਬੰਧਤ ਹੁੰਦੇ ਸਨ, ਖਾਸ ਤੌਰ ਤੇ ਪੁਰਖਿਆਂ ਦੇ ਯੁੱਗ ਵਿਚ (ਵੇਖੋ 20:14; ਅੱਯੂਬ 1:3)। ਇਤਹਾਸ ਦੇ ਇਸ ਸ਼ੁਰੂਆਤੀ ਸਮੇਂ ਦੇ ਦੌਰਾਨ, ਕਿਸੇ ਵਿਅਕਤੀ ਦੀ ਦੌਲਤ ਦਾ ਨਿਰਧਾਰਣ ਗੁਣਕ ਇੱਕ ਬੈਂਕ ਵਿਚਲਾ ਪੈਸਾ ਜਾਂ ਸ਼ੇਅਰਾਂ ਅਤੇ ਬੋਡਾਂ ਵਿਚ ਉਸ ਦੁਆਰਾ ਕੀਤਾ ਗਿਆ ਨਿਵੇਸ਼ ਨਹੀਂ ਸੀ। ਧਨ ਮੁੱਖ ਤੇ ਖੁਰਾਂ ਤੇ ਅਧਾਰਤ ਹੁੰਦਾ ਸੀ; ਅਰਥਾਤ, ਅਮੀਰ ਹੋਣ ਨੂੰ ਕਿਸੇ ਵਿਅਕਤੀ ਦੇ ਕੋਲ ਪਾਏ ਜਾਣ ਵਾਲੇ ਜਾਨਵਰਾਂ ਅਤੇ ਦਾਸਾਂ ਦੀ ਸੰਖਿਆ ਦੇ ਨਾਲ ਮਾਪਿਆ ਜਾਂਦਾ ਸੀ ਜੋ ਉਸ ਦੀ ਸੇਵਾ ਕਰਨ ਦੇ ਲਈ ਜਾਂ ਉਸ ਦੇ ਜਾਨਵਰਾਂ ਦੀ ਦੇਖਭਾਲ ਕਰਨ ਦੇ ਲਈ ਹੁੰਦੇ ਸਨ। ਇਸ ਅਧਾਰ ਤੇ, ਅਬਰਾਹਾਮ ਇੱਕ ਬਹੁਤ ਹੀ ਅਮੀਰ ਆਦਮੀ ਹੁੰਦਾ ਜਾ ਰਿਹਾ ਸੀ। ਲੂਤ ਵੀ ਇਸੇ ਤਰ੍ਹਾਂ ਹੀ ਸੀ, ਜੋ ਮਿਸਰ ਵਿਚ ਅਬਰਾਹਾਮ ਦੇ ਨਾਲ ਰਿਹਾ ਹੋਵੇਗਾ (ਵੇਖੋ 13:1), ਭਾਵੇਂ ਇਹ ਬਿਰਤਾਂਤ ਵਿਚ ਉਸ ਦਾ ਉਲੇਖ ਨਹੀਂ ਹੈ। ਅਗਲੇ ਅਧਿਆਇ ਵਿਚ, ਇਹ ਵੇਖਿਆ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਆਦਮੀਆਂ ਦੇ ਵੱਗ ਅਤੇ ਝੁੰਡ ਇੰਨੇ ਵੱਡੇ ਸਨ ਕਿ ਉਨ੍ਹਾਂ ਦੋਵਾਂ ਦੇ ਪਾਲੀਆਂ ਦੇ ਵਿਚਕਾਰ ਸਾਰੇ ਜਾਨਵਰਾਂ ਦੀਆਂ ਚਰਾਂਦਾਂ ਦੇ ਸਥਾਨ ਦੇ ਲਈ ਝਗੜਾ ਪੈਦਾ ਹੋ ਗਿਆ ਸੀ। ਜੇਕਰ ਅਕਾਲ ਦੇ ਦੌਰਾਨ ਜੀਉਂਦੇ ਰਹਿਣ ਦੇ ਲਈ ਕਨਾਨ ਵਿਚ ਅਬਰਾਹਾਮ ਦੇ ਜਾਨਵਰਾਂ ਅਤੇ ਦਾਸਾਂ ਦੇ ਲਈ

ਕਾਫੀ ਮਾਤਰਾ ਵਿਚ ਘਾਹ ਅਤੇ ਪਾਣੀ ਨਹੀਂ ਸੀ, ਤਾਂ ਉਸ ਦੇ ਭਤੀਜੇ ਦੇ ਝੁੰਡ, ਵੱਗ ਅਤੇ ਲੋਕ ਮਿਸਰ ਵਿਚ ਉਸ ਦੇ ਸਾਥ ਤੋਂ ਬਿਨਾਂ ਕਿਵੇਂ ਜੀਉਂਦੇ ਰਹਿ ਸਕਦੇ ਅਤੇ ਵੱਧ ਸਕਦੇ ਸਨ?[17]

ਅਬਰਾਹਾਮ ਨੂੰ ਦਿੱਤੇ ਗਏ ਫ਼ਿਰਾਊਨ ਦੇ ਤੋਹਫ਼ੇ ਦੇ ਹਿੱਸੇ ਦੇ ਰੂਪ ਵਿਚ "ਊਠਾਂ" ਦਾ ਉਲੇਖ ਬਾਈਬਲ ਦੇ ਕੁਝ ਵਿਦਵਾਨਾਂ ਦੇ ਦੁਆਰਾ ਅਨਿਯੰਤਰਿਤ ਮੰਨਿਆ ਗਿਆ ਹੈ, ਕਿਉਂਕਿ ਇਸ ਤਰ੍ਹਾਂ ਦੇ ਜਾਨਵਰਾਂ ਨੂੰ ਪ੍ਰਾਚੀਨ ਵਿਸ਼ਵ ਵਿਚ ਈਸਾ ਪੂਰਵ ਦੇ ਦੂਜੇ ਮਿਲੇਨਿਯਮ ਤੱਕ ਉਪਯੋਗ ਨਹੀਂ ਕੀਤਾ ਜਾਂਦਾ ਸੀ। ਪਰ, ਹੁਣ ਪਾਲਤੂ ਊਠਾਂ ਦੇ ਕੁਝ ਪ੍ਰਮਾਣ ਮੌਜੂਦ ਹਨ ਜਿਵੇਂ 2700 ਈ.ਪੂ. ਵਿਚ ਇਰਾਨ ਵਿਚ ਸੀ, 2300 ਈ.ਪੂ. ਵਿਚ ਇੰਡੁਸ ਵਿਚ ਅਤੇ ਕਨਾਨ ਦੇ ਨੇਗੇਵ (ਦੱਖਣੀ) ਖੇਤਰ ਵਿਚ ਅਤੇ ਦੱਖਣੀ ਅਰਬ ਵਿਚ ਈਸਾ ਪੂਰਵ ਦੇ ਦੂਸਰੇ ਮਿਲੇਨਿਯਮ ਦੇ ਆਰੰਭ ਅਤੇ ਤੀਸਰੇ ਮਿਲੇਨਿਯਮ ਦੇ ਅੰਤ ਵਿਚ। ਇਸ ਤੋਂ ਇਲਾਵਾ, ਪ੍ਰਾਚੀਨ ਕਨਾਨ ਦੇ ਨੇਗੇਵ (ਦੱਖਣੀ) ਖੇਤਰ ਵਿਚ, ਅਰਦ ਦੇ ਮਨੁੱਖੀ ਸੰਦਰਭਾਂ ਵਿਚ ਊਠ ਦੀਆਂ ਹੱਡੀਆਂ ਦੀ ਖੋਜ ਕੀਤੀ ਗਈ ਸੀ, ਜੋ ਲਗਭਗ 2900 ਈਸਾ ਪੂਰਵ ਅਤੇ ਬੀਰਸ਼ੇਬਾ ਵਿਚ ਲਗਭਗ 1900 ਈ.ਪੂ. ਵਿਚ ਪ੍ਰਾਪਤ ਕੀਤੀਆਂ ਗਈਆਂ ਹਨ।[18] ਇਹ ਅਖੀਰਲੀ ਤਾਰੀਖ ਅਬਰਾਹਾਮ ਦੇ ਸਮੇਂ ਤੋਂ ਬਹੁਤ ਦੇਰ ਬਾਅਦ ਦੀ ਨਹੀਂ ਹੈ। ਆਰੰਭਿਕ ਬਿਰਤਾਂਤਾਂ ਵਿਚ ਊਠਾਂ ਦੇ ਸੰਦਰਭਾਂ ਦੀ ਕਮੀ ਇਸ ਲਈ ਹੋ ਸਕਦੀ ਹੈ ਕਿਉਂਕਿ ਉਨ੍ਹਾਂ ਨੂੰ ਵਿਲਾਸਿਤਾ ਦਾ ਸਾਧਨ ਮੰਨਿਆ ਜਾਂਦਾ ਸੀ। ਜੇਕਰ ਅਜਿਹਾ ਹੈ, ਤਾਂ ਉਤਪਤੀ ਵਿਚ ਉਨ੍ਹਾਂ ਦੇ ਵਿਸ਼ੇ ਵਿਚ ਸ਼ੁਰੂਆਤੀ ਸੰਦਰਭ ਵਿਚ ਪੁਰਖਿਆਂ ਦੇ ਧਨ ਤੇ ਜ਼ੋਰ ਦਿੱਤਾ ਗਿਆ ਹੈ (ਵੇਖੋ 13:2; 24:10; 26:12-14; 31:34)।

## ਧੋਖੇ ਦੇ ਨਤੀਜੇ (12:17-20)

**17ਪਰ ਯਹੋਵਾਹ ਨੇ ਫ਼ਿਰਾਊਨ ਅਰ ਉਹ ਦੇ ਘਰਾਣੇ ਉੱਤੇ ਸਾਰਈ ਅਬਰਾਮ ਦੀ ਪਤਨੀ ਦੇ ਕਾਰਨ ਵੱਡੀਆਂ ਬਵਾਂ ਪਾਈਆਂ। 18ਤਾਂ ਫ਼ਿਰਾਊਨ ਨੇ ਅਬਰਾਮ ਨੂੰ ਬੁਲਵਾਕੇ ਆਖਿਆ, ਤੈਂ ਮੇਰੇ ਨਾਲ ਇਹ ਕੀ ਕੀਤਾ? ਤੈਂ ਮੈਨੂੰ ਕਿਉਂ ਨਹੀਂ ਦੱਸਿਆ ਕਿ ਇਹ ਤੇਰੀ ਤੀਵੀਂ ਹੈ? 19ਤੈਂ ਮੈਨੂੰ ਕਿਉਂ ਆਖਿਆ ਕਿ ਇਹ ਮੇਰੀ ਭੈਣ ਹੈ? ਤਦ ਹੀ ਮੈਂ ਇਹ ਨੂੰ ਲਿਆ ਕਿ ਆਪਣੀ ਤੀਵੀਂ ਬਣਾਵਾਂ। ਹੁਣ ਵੇਖ ਆਪਣੀ ਤੀਵੀਂ ਨੂੰ ਲੈ ਅਰ ਜਾਹ। 20ਤਦ ਫ਼ਿਰਾਊਨ ਨੇ ਆਪਣੇ ਆਦਮੀਆਂ ਨੂੰ ਉਸ ਵਿਖੇ ਹੁਕਮ ਦਿੱਤਾ ਸੋ ਉਨ੍ਹਾਂ ਨੇ ਉਸ ਨੂੰ ਅਰ ਉਸ ਦੀ ਪਤਨੀ ਨੂੰ ਅਰ ਉਸ ਦਾ ਸਭ ਕੁਝ ਉੱਥੋਂ ਤੋਰ ਦਿੱਤਾ।**

**ਆਇਤ 17.** ਕਹਾਣੀ ਦੇ ਇਸ ਬਿੰਦੂ ਤੱਕ, ਪਰਮੇਸ਼ੁਰ ਨੇ ਦਖਲਅੰਦਾਜ਼ੀ ਕੀਤੀ ਅਤੇ **ਫ਼ਿਰਾਊਨ ਅਰ ਉਹ ਦੇ ਘਰਾਣੇ ਉੱਤੇ ਸਾਰਈ ਅਬਰਾਮ ਦੀ ਪਤਨੀ ਦੇ ਕਾਰਨ ਵੱਡੀਆਂ ਬਵਾਂ ਪਾਈਆਂ** ਕਿਉਂਕਿ ਉਸ ਨੇ ਉਸ ਨੂੰ ਲੈ ਲਿਆ ਸੀ। ਬਾਈਬਲ ਇਸ ਗੱਲ ਦੇ ਬਾਰੇ ਨਹੀਂ ਦੱਸਦੀ ਕਿ ਪ੍ਰਭੂ ਨੇ ਫ਼ਿਰਾਊਨ ਦੇ ਪਰਿਵਾਰ ਦੇ ਵਿਰੁੱਧ ਕਿਹੋ ਜਿਹੀਆਂ ਬਵਾਂ ਪਾਈਆਂ ਸਨ। ਇਬਰਾਨੀ ਸ਼ਬਦ נֶגַע (*ਨੇਗਾ*) ਅਕਸਰ ਉਨ੍ਹਾਂ ਬੀਮਾਰੀਆਂ ਦਾ ਉਲੇਖ ਕਰਦਾ ਹੈ ਜੋ ਕਿਸੇ ਇੱਕ ਵਿਅਕਤੀ ਤੋਂ ਕਿਸੇ ਦੂਸਰੇ ਵਿਅਕਤੀ ਦੇ ਦੁਆਰਾ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਚਮੜੀ ਰੋਗ ਜਾਂ ਕੋੜ੍ਹ (ਲੇਵੀਆਂ 13; 14)। ਪਰ, ਕਈ ਵਾਰ ਬਵਾਂ ਰੱਬੀ ਸਜ਼ਾ ਦੇ ਪ੍ਰਤੱਖ ਪ੍ਰਮਾਣ ਦੇ ਰੂਪ ਵਿਚ ਆਈਆਂ, ਜਿਵੇਂ ਕਿ ਮੂਸਾ ਦੇ ਸਮੇਂ ਵਿਚ ਮਿਸਰ ਵਿਚ ਆਈਆਂ ਸਨ (ਕੂਚ 11:1) ਅਤੇ ਉਹ ਕੋੜ੍ਹ ਜੋ ਪਰਮੇਸ਼ੁਰ ਨੇ ਰਾਜਾ ਅਜ਼ਰਯਾਹ ਦੇ ਉੱਤੇ ਪਾਇਆ ਸੀ (2 ਰਾਜਿਆਂ 15:5[19])।

ਸਪੱਸ਼ਟ ਤੌਰ ਤੇ ਫ਼ਿਰਾਊਨ ਇਹ ਵਿਸ਼ਵਾਸ ਕਰਦਾ ਸੀ ਕਿ ਇਹ ਬਵਾਂ ਇੱਕ ਦੇਵਤੇ ਵੱਲੋਂ ਸਨ ਜੋ ਉਸ ਨੂੰ ਸਰਾਪ ਦੇ ਰਿਹਾ ਸੀ ਕਿਉਂਕਿ ਉਸ ਨੇ ਅਬਰਾਹਾਮ ਦੀ ਪਤਨੀ ਨੂੰ ਲੈ ਲਿਆ

ਸੀ। ਜਦਕਿ ਫ਼ਿਰਾਊਨ ਇਹ ਵਿਸ਼ਵਾਸ ਕਰਦਾ ਸੀ ਕਿ ਉਹ ਆਪ ਵੀ ਇੱਕ ਦੇਵਤਾ ਸੀ, ਇਸ ਕਾਰਣ ਜੇ ਉਸ ਨੂੰ ਇਹ ਵਿਸ਼ਵਾਸ ਨਾ ਹੁੰਦਾ ਕਿ ਇੱਕ ਸ਼ਕਤੀਸ਼ਾਲੀ ਦੇਵਤਾ ਉਸ ਨੂੰ ਸਜ਼ਾ ਦੇ ਰਿਹਾ ਹੈ ਤਾਂ ਉਸ ਨੇ ਅਬਰਾਹਾਮ ਅਤੇ ਸਾਰਾਹ ਨੂੰ ਸਨਮਾਨਿਤ ਨਹੀਂ ਕਰਨਾ ਸੀ। ਉਹ ਇਸ ਗੱਲ ਵਿਚ ਸਹੀ ਸੀ, ਕਿਉਂਕਿ ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਵਾਇਦਾ ਕੀਤਾ ਸੀ ਕਿ, ". . . ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ" (12:3)। ਘੱਟੋ ਘੱਟ ਇਸ ਸੰਦਰਭ ਵਿਚ, ਅਬਰਾਹਾਮ ਦੀ ਪਤਨੀ ਨੂੰ ਲੈ ਲੈਣ ਦੇ ਦੁਆਰਾ ਫ਼ਿਰਾਊਨ, ਉਸ ਦੇ ਨਾਲ ਆਪਣੇ ਰਿਸ਼ਤੇ ਵਿਚ ਸਹੀ ਨਹੀਂ ਸੀ। ਇਸ ਲਈ ਉਸ ਨੂੰ ਭਿਆਨਕ ਸਰਾਪਾਂ (ਬਵਾਂ) ਨੂੰ ਭੋਗਣਾ ਪਵੇਗਾ।

**ਆਇਤਾਂ 18, 19.** ਭਾਵੇਂ ਇਸ ਗੱਲ ਦੇ ਵੇਰਵੇ ਨਹੀਂ ਦਿੱਤੇ ਗਏ ਹਨ, ਪਰ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਰਾਜੇ ਨੇ ਇਹ ਸਿੱਟਾ ਕੱਢ ਲਿਆ ਕਿ ਅਬਰਾਹਾਮ ਦਾ ਪਰਮੇਸ਼ੁਰ ਇਨ੍ਹਾਂ ਬਵਾਂ ਨੂੰ ਉਸ ਦੇ ਘਰ ਦੇ ਉੱਪਰ ਘੱਲ ਰਿਹਾ ਸੀ (12:17)। ਇਸ ਲਈ, **ਫ਼ਿਰਾਊਨ ਨੇ ਅਬਰਾਮ ਨੂੰ ਬੁਲਵਾ** ਲਿਆ। ਆਪਣੇ ਆਪ ਨੂੰ ਨਿਰਦੋਸ਼ ਠਹਿਰਾਉਣ ਅਤੇ ਪੁਰਖੇ ਦੇ ਉੱਤੇ ਸਾਰਾ ਦੋਸ਼ ਲਗਾਉਣ ਦੀ ਇੱਛਾ ਦੇ ਨਾਲ, ਉਸ ਨੇ ਤਿੰਨ ਪ੍ਰਸ਼ਨ ਪੁੱਛੇ:

1. **ਤੈਂ ਮੇਰੇ ਨਾਲ ਇਹ ਕੀ ਕੀਤਾ?**
2. **ਤੈਂ ਮੈਨੂੰ ਕਿਉਂ ਆਖਿਆ ਕਿ ਇਹ ਮੇਰੀ ਭੈਣ ਹੈ?**
3. **ਤੈਂ ਕਿਉਂ ਆਖਿਆ ਕਿ ਇਹ ਮੇਰੀ ਭੈਣ ਹੈ? ਤਦ ਹੀ ਮੈਂ ਇਹ ਨੂੰ ਲਿਆ ਕਿ ਆਪਣੀ ਤੀਵੀਂ ਬਣਾਵਾਂ?**

ਕੀ ਅਬਰਾਹਾਮ ਨੇ ਇਨ੍ਹਾਂ ਸਵਾਲਾਂ ਦੇ ਉੱਤਰ ਦਿੱਤੇ? ਭਾਵੇਂ ਉਸ ਨੇ ਉੱਤਰ ਦਿੱਤੇ ਸਨ, ਪਰ ਉਸ ਦੇ ਉੱਤਰਾਂ ਨੂੰ ਸਾਡੇ ਲਈ ਰਿਕਾਰਡ ਨਹੀਂ ਕੀਤਾ ਗਿਆ ਸੀ।[20] ਬੇਸ਼ੱਕ, ਅਸੀਂ ਜਾਣਦੇ ਹਾਂ ਕਿ ਉਸ ਨੇ ਸਾਰਾਹ ਨੂੰ ਝੂਠ ਬੋਲਣ ਦੇ ਲਈ ਰਾਜੀ ਕਰ ਲਿਆ ਸੀ ਅਤੇ ਉਹ ਵਿਅਕਤੀਗਤ ਤੌਰ ਤੇ ਮਿਸਰ ਦੇ ਰਾਜੇ ਨੂੰ ਧੋਖਾ ਦੇ ਰਿਹਾ ਸੀ। ਦੂਜੇ ਪਾਸੇ, ਜਦਕਿ ਫ਼ਿਰਾਊਨ ਨੇ ਅਣਜਾਣਪੁਣੇ ਵਿਚ ਇਹ ਕੰਮ ਕੀਤਾ ਸੀ, ਪਰ ਉਹ ਕਿਸੇ ਵੀ ਸੂਰਤ ਵਿਚ ਇਸ ਮਾਮਲੇ ਵਿਚ ਨਿਰਦੋਸ਼ ਨਹੀਂ ਸੀ। ਭਾਵੇਂ ਫ਼ਿਰਾਊਨ ਨਿਰਦੋਸ਼ ਹੋਣ ਦਾ ਬਹਾਨਾ ਕਰ ਰਿਹਾ ਸੀ, ਤਾਂ ਵੀ ਉਹ ਦੋਸ਼ੀ ਸੀ। ਪੁਰਾਤਨ ਸੰਸਾਰ ਵਿਚ, ਨਿਰੰਕੁਸ਼ ਰਾਜਿਆਂ ਦੀ ਇੱਛਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ; ਅਤੇ ਜਦੋਂ ਅਬਰਾਹਾਮ ਨੇ ਝੂਠ ਬੋਲਿਆ ਤਾਂ ਇਹ ਉਸ ਨੇ ਡਰ ਦੇ ਮਾਰੇ ਇਹ ਕੀਤਾ ਸੀ। ਇਸ ਤੋਂ ਇਲਾਵਾ, ਇਸ ਗੱਲ ਦਾ ਵੀ ਕੋਈ ਪੱਕਾ ਭਰੋਸਾ ਨਹੀਂ ਹੈ ਕਿ ਜੇਕਰ ਅਬਰਾਹਾਮ ਸਾਰਾਹ ਦੇ ਨਾਲ ਆਪਣੇ ਸੱਚੇ ਰਿਸ਼ਤੇ ਨੂੰ ਪਰਗਟ ਕਰਦਾ ਤਾਂ ਇਸ ਨਾਲ ਕੋਈ ਸਾਕਾਰਾਤਮਕ ਫਰਕ ਪੈਣਾ ਸੀ। ਜੇਕਰ ਇਸ ਵਿਸ਼ੇ ਦੀਆਂ ਕਹਾਣੀਆਂ ਦਾ ਕੋਈ ਅਰਥ ਹੁੰਦਾ, ਕਿ ਮਿਸਰੀਆਂ ਦਾ ਪਰਦੇਸੀਆਂ ਅਤੇ ਉਨ੍ਹਾਂ ਦੀਆਂ ਪਤਨੀਆਂ ਦੇ ਨਾਲ ਕਿਹੋ ਜਿਹਾ ਵਿਹਾਰ ਸੀ ਕੋਈ ਵੀ ਆਧਾਰ ਹੁੰਦਾ, ਤਾਂ ਪੁਰਖੇ ਦਾ ਫ਼ਿਰਾਊਨ ਦੇ ਕੋਲੋਂ ਡਰਨ ਦਾ ਕਾਰਣ ਜਾਇਜ਼ ਹੋਣਾ ਸੀ। ਸਮੱਸਿਆ ਇਹ ਸੀ ਕਿ ਅਬਰਾਹਾਮ ਦਾ ਵਿਸ਼ਵਾਸ ਹੁਣ ਤੱਕ ਵੀ ਕਮਜ਼ੋਰ ਸੀ; ਉਹ ਅਜੇ ਤੱਕ ਵੀ ਯਹੋਵਾਹ ਦੇ ਉੱਤੇ ਇਸ ਗੱਲ ਦਾ ਯਕੀਨ ਨਹੀਂ ਕਰ ਸਕਦਾ ਸੀ ਕਿ ਉਹ ਪੁਰਖੇ ਦੀ ਸੰਤਾਨ ਦੇ ਦੁਆਰਾ ਧਰਤੀ ਦੇ ਸਾਰੀਆਂ ਕੌਮਾਂ ਨੂੰ ਬਰਕਤ ਦੇਣ ਦੀ ਆਪਣੀ ਯੋਜਨਾ ਨੂੰ ਵਿਗਾੜਣ ਤੋਂ ਮਿਸਰੀਆਂ ਨੂੰ ਰੋਕ ਸਕਦਾ ਹੈ (12:3)।

ਜੇਕਰ ਅਬਰਾਹਾਮ ਨੇ ਫ਼ਿਰਾਊਨ ਨੂੰ ਉੱਤਰ ਦੇਣ ਦੀ ਕੋਸ਼ਿਸ਼ ਵੀ ਕੀਤੀ ਹੁੰਦੀ ਤਾਂ ਵੀ, ਰਾਜਾ ਬਹਾਨਿਆਂ ਨੂੰ ਸੁਣਨ ਦੇ ਮੂਡ ਵਿਚ ਨਹੀਂ ਸੀ। ਉਸ ਨੇ ਪਹਿਲਾਂ ਤੋਂ ਹੀ ਇਸ ਪਰਦੇਸੀ ਨੂੰ ਭੇਡਾਂ-ਬੱਕਰੀਆਂ, ਵੱਗਾਂ ਅਤੇ ਕਾਮਿਆਂ ਦੇ ਨਾਲ ਖੁਸ਼ਹਾਲ ਕੀਤਾ ਸੀ; ਅਤੇ ਹੁਣ ਉਹ ਉਸ ਦੇ

ਕਾਰਣ ਵਿਆਕੁਲ ਸੀ ਅਤੇ ਉਸ ਦੇ ਪਰਮੇਸ਼ੁਰ ਦੁਆਰਾ ਸਤਾਇਆ ਗਿਆ ਸੀ। ਉਸ ਨੇ ਰੁੱਖੇਪਣ ਦੇ ਨਾਲ ਅਬਰਾਹਾਮ ਨੂੰ ਕਿਹਾ, **ਹੁਣ ਵੇਖ ਆਪਣੀ ਤੀਵੀਂ ਨੂੰ ਲੈ ਅਰ ਜਾਹ।** ਉਸ ਨੇ ਜਾਨਵਰਾਂ ਅਤੇ ਦਾਸਾਂ ਨੂੰ ਵਾਪਸ ਨਹੀਂ ਮੰਗਿਆ, ਕਿਉਂਕਿ ਸ਼ਾਇਦ ਉਸ ਨੂੰ ਡਰ ਸੀ ਕਿ ਕਿਤੇ ਪਰਮੇਸ਼ੁਰ ਦੀ ਵੱਲੋਂ ਹੋਰ ਵੀ ਬਵਾਂ ਉਸ ਉੱਤੇ ਨਾ ਆ ਪੈਣ।

**ਆਇਤ 20.** ਜਿੱਥੋਂ ਤੱਕ **ਫ਼ਿਰਾਊਨ** ਦਾ ਸਵਾਲ ਸੀ, ਉਸ ਦੇ ਲਈ ਸਭ ਤੋਂ ਵਧੀਆ ਕੰਮ ਇਹੋ ਸੀ ਕਿ ਜਿੰਨੀ ਛੇਤੀ ਹੋ ਸਕੇ ਉਹ ਅਬਰਾਹਾਮ ਨੂੰ ਮਿਸਰ ਵਿਚੋਂ ਬਾਹਰ ਕੱਢ ਦੇਵੇ। ਇਸ ਲਈ, ਉਸ ਨੇ **ਆਪਣੇ ਆਦਮੀਆਂ ਨੂੰ ਹੁਕਮ ਦਿੱਤਾ** ਕਿ ਪੁਰਖੇ ਨੂੰ **ਅਰ ਉਸ ਦੀ ਪਤਨੀ ਨੂੰ ਅਰ ਉਸ ਦਾ ਸਭ ਕੁਝ** ਦੇਸ ਵਿਚੋਂ ਬਾਹਰ ਕੱਢ ਦਿਓ। ਅਬਰਾਹਾਮ ਦੀ ਦੌਲਤ ਵਿਚ ਫ਼ਿਰਾਊਨ ਵੱਲੋਂ ਮਿਲੇ ਹੋਏ ਬਹੁਤ ਸਾਰੇ ਤੋਹਫ਼ੇ ਸ਼ਾਮਲ ਸਨ (12:16)।

# ਪ੍ਰਾਸੰਗਿਕਤਾ

## ਅਬਰਾਹਾਮ ਦੇ ਲਈ ਪਰਮੇਸ਼ੁਰ ਦਾ ਸੱਦਾ (12:1-9)

ਗਲਾਤੀਆਂ 3:8 ਵਿਚ, ਪੌਲੁਸ ਰਸੂਲ ਨੇ ਕਿਹਾ ਕਿ "ਅਤੇ ਧਰਮ ਪੁਸਤਕ ਨੇ ਅੱਗਿਓਂ . . . ਅਬਰਾਹਾਮ ਨੂੰ ਅੱਗੋਂ ਹੀ ਇਹ ਖੁਸ਼ ਖਬਰੀ ਸੁਣਾਈ . . . ।" ਇਹ ਕਿਵੇਂ ਹੋ ਸਕਦਾ ਹੈ, ਜਦਕਿ ਯਿਸੂ ਮਸੀਹ ਦੇ ਜਗਤ ਵਿਚ ਆਉਣ ਤੋਂ ਪਹਿਲਾਂ ਤੱਕ ਕੋਈ "ਇੰਜੀਲ" ਨਹੀਂ ਸੀ? ਇਸ ਦਾ ਅਰਥ "ਇੰਜੀਲ" ਦੇ ਮੂਲ ਅਰਥ ਵਿਚ ਹੈ। ਯੂਨਾਨੀ ਸ਼ਬਦ εὐαγγελίζομαι (*ਯੁਵੈਂਜਲਾਈਜ਼ੋਮਾਈ*) ਹੈ, ਜਦਕਿ ਇਬਰਾਨੀ ਸ਼ਬਦ בָּשַׂר (*ਬਾਸਰ*) ਹੈ; ਦੋਵੇਂ ਖੁਸ਼ਖਬਰੀ ਜਾਂ ਚੰਗੀ ਖਬਰ ਦੀ ਘੋਸ਼ਣਾ ਕਰਦੇ ਹਨ।[21]

ਪੁਰਾਣੇ ਨੇਮ ਦੇ ਧਰਮ ਨਿਰਪੱਖ ਸੰਦਰਭਾਂ ਵਿਚ, ਸ਼ਬਦ *ਬਾਸਰ* ਲੜਾਈ ਵਿਚ ਜਿੱਤ ਨਾਲ ਸੰਬੰਧਤ ਖੁਸ਼ ਖਬਰੀ ਦਾ ਉਲੇਖ ਕਰਦਾ ਹੈ (1 ਸਮੂਏਲ 31:9; 2 ਸਮੂਏਲ 1:20; 18:19, 20)। ਹਾਲਾਂਕਿ, ਧਾਰਮਿਕ ਸਿੱਖਿਆ ਦੇ ਸੰਬੰਧ ਵਿਚ, ਇਸ ਦਾ ਅਰਥ ਹੈ ਇਹ ਖੁਸ਼ਖਬਰੀ ਕਿ ਪਰਮੇਸ਼ੁਰ ਕੌਣ ਹੈ ਉਸ ਨੇ ਆਪਣੇ ਦੁੱਖੀ, ਗੁਆਚੇ ਹੋਏ ਅਤੇ ਪਾਪੀ ਲੋਕਾਂ ਦੇ ਲਈ ਕੀ ਕੀਤਾ ਹੈ (ਯਸਾਯਾਹ 52:7; 61:1)।

ਜਦੋਂ ਪਰਮੇਸ਼ੁਰ ਨੇ ਅਬਰਾਹਾਮ ਦੇ ਸਾਹਮਣੇ ਇੰਜੀਲ (ਖੁਸ਼ਖਬਰੀ) ਦਾ ਪ੍ਰਚਾਰ ਕੀਤਾ, ਤਾਂ ਉਸ ਸੰਦੇਸ਼ ਦੇ ਵਿਚ ਉਨ੍ਹਾਂ ਬਰਕਤਾਂ ਦਾ ਉਲੇਖ ਸੀ ਜਿਸ ਦਾ ਵਾਇਦਾ ਉਸ ਨੇ ਪੁਰਖੇ ਦੇ, ਉਸ ਦੀ ਸੰਤਾਨ ਦੇ, ਬਲਕਿ ਸੰਸਾਰ ਦੇ ਸਾਰੀਆਂ ਕੌਮਾਂ ਦੇ ਨਾਲ ਕੀਤਾ ਸੀ (12:2, 3)। ਅਬਰਾਹਾਮ ਨੂੰ ਪ੍ਰਚਾਰ ਕੀਤੀ ਗਈ ਇੰਜੀਲ ਵਿਚ ਕਿਹੜੇ ਵੱਖੋ ਵੱਖ ਪਹਿਲੂ ਸਨ?

*ਪਰਮੇਸ਼ੁਰ ਦੀ ਬੁਲਾਹਟ ਕਿਰਪਾ ਦੇ ਦੁਆਰਾ ਸੀ।* ਪਰਮੇਸ਼ੁਰ ਨੇ ਅਬਰਾਹਾਮ ਨੂੰ ਇਸ ਲਈ ਨਹੀਂ ਬੁਲਾਇਆ ਹੋ ਸਕਦਾ ਹੈ ਕਿ ਉਹ ਧਰਤੀ ਉੱਤਲਾ ਸਭ ਤੋਂ ਧਰਮੀ ਅਤੇ ਪਰਮੇਸ਼ੁਰ ਤੋਂ ਡਰਨ ਵਾਲਾ ਵਿਅਕਤੀ ਸੀ। ਨਾ ਹੀ ਇਸ ਬੁਲਾਹਟ ਦਾ ਆਧਾਰ ਇਹ ਸੀ ਕਿ ਪੁਰਖਾ ਮੂਸਾ ਦੀ ਉਹ ਸਾਰੀ ਸ਼ਰਾ ਨੂੰ ਮੰਨਦਾ ਸੀ, ਜੋ ਸੈਂਕੜੇ ਸਾਲ ਪਹਿਲਾਂ ਇਸਰਾਏਲ ਨੂੰ ਸੀਨਈ ਪਹਾੜ ਦੇ ਉੱਤੇ ਪ੍ਰਾਪਤ ਹੋਈ ਸੀ।

ਰਿਕਾਰਡ ਸਪੱਸ਼ਟ ਹੈ: ਕਿ ਨਾ ਹੀ ਅਬਰਾਹਾਮ ਨਾ ਹੀ ਉਸ ਦਾ ਪਰਿਵਾਰ ਪਰਮੇਸ਼ੁਰ ਦੇ ਵਿਸ਼ੇ ਵਿਚ ਜਾਂ ਉਸ ਦੀ ਸ਼ਰਾ ਦੇ ਵਿਸ਼ੇ ਵਿਚ ਜ਼ਿਆਦਾ ਜਾਣਕਾਰੀ ਰੱਖਦੇ ਸਨ। ਅਸਲ ਵਿਚ, ਜਦੋਂ ਯਹੋਸ਼ੁਆ ਨੇ ਫਰਾਤ ਦਰਿਆ ਤੋਂ ਪਾਰ ਰਹਿਣ ਵਾਲੇ ਇਸਰਾਏਲ ਦੇ ਪੁਰਖਿਆਂ ਦਾ ਉਲੇਖ ਕੀਤਾ, ਤਾਂ ਉਸ ਨੇ ਕਿਹਾ ਕਿ "ਤਰਹ, ਅਬਰਾਹਾਮ ਅਤੇ ਨਾਹੋਰ ਦਾ ਪਿਤਾ" "ਦੂਜੇ ਦੇਵਤਿਆਂ ਦੀ

ਉਪਾਸਨਾ ਕਰਦੇ ਸਨ” (ਯਹੋਸ਼ੁਆ 24:2)। ਦੂਜੇ ਸ਼ਬਦਾਂ ਵਿਚ, ਉਹ ਦੱਖਣੀ ਮਸੋਪੋਤਾਮੀਆ ਵਿਚ ਉਨ੍ਹਾਂ ਦੇ ਆਲੇ-ਦੁਆਲੇ ਦੇ ਬਾਕੀ ਲੋਕਾਂ ਦੇ ਵਾਂਗ ਮੂਰਤੀਪੂਜਕ ਸਨ। ਇਸ ਲਈ, ਪ੍ਰਭੂ ਦੀ ਬੁਲਾਹਟ ਪੂਰੀ ਤਰ੍ਹਾਂ (ਬੇਮਿਸਾਲ ਕਿਰਪਾ) ਦਯਾ ਤੇ ਅਧਾਰਤ ਸੀ; ਇਹ ਉਸ ਉੱਤੇ ਆਧਾਰਤ ਨਹੀਂ ਸੀ ਕਿ ਅਬਰਾਹਾਮ ਕੌਣ ਸੀ ਅਤੇ ਉਸ ਨੇ ਇਸ ਵਿਸ਼ੇਸ਼ ਕਿਰਪਾ ਨੂੰ ਹਾਸਲ ਕਰਨ ਦੇ ਲਈ ਕੀ ਕੀਤਾ ਸੀ (ਰੋਮੀਆਂ 4:1-5)। ਪਰਮੇਸ਼ੁਰ ਨੇ ਅਬਰਾਹਾਮ ਨੂੰ ਬੁਲਾਇਆ ਕਿਉਂਕਿ ਉਹ ਜਾਣਦਾ ਸੀ ਕਿ ਉਸ ਦੀ ਦਯਾ ਅਤੇ ਬਰਕਤਾਂ ਦੇ ਦੁਆਰਾ ਕੁਲਪਿਤਾ ਕੀ ਬਣ ਸਕਦਾ ਹੈ ਜੋ ਉਹ ਆਪਣੀ ਆਉਣ ਵਾਲੀ ਸੰਤਾਨ ਨੂੰ ਦੇਵੇਗਾ (18:19)।

ਅੱਜ ਵੀ ਇਸੇ ਤਰ੍ਹਾਂ ਹੀ ਹੁੰਦਾ ਹੈ: ਪਰਮੇਸ਼ੁਰ ਦਾ ਸੱਦਾ ਪਾਪੀਆਂ ਦੇ ਲਈ ਇੰਜੀਲ ਦੇ ਦੁਆਰਾ ਹੈ (2 ਥੱਸਲੁਨੀਕੀਆਂ 2:13, 14) ਅਤੇ ਇਹ ਕਿਸੇ ਵੀ ਯੋਗਤਾ ਦੇ ਉੱਤੇ ਨਿਰਭਰ ਨਹੀਂ ਕਰਦਾ ਹੈ ਕਿ ਅਸੀਂ ਕੀ ਹਾਂ ਜਾਂ ਅਸੀਂ ਉਸ ਯੋਗਤਾ ਨੂੰ ਹਾਸਲ ਕਰਨ ਦੇ ਲਈ ਕੀ ਕੀਤਾ ਹੈ। ਇਹ ਪੂਰੀ ਤਰ੍ਹਾਂ ਵਿਸ਼ਵਾਸ ਦੇ ਰਾਹੀਂ ਕਿਰਪਾ ਦੇ ਦੁਆਰਾ ਆਉਂਦਾ ਹੈ (ਅਫ਼ਸੀਆਂ 2:8, 9), ਤਾਂ ਕਿ ਅਸੀਂ ਮਸੀਹ ਦੇ ਸਰੂਪ ਵਿਚ ਬਦਲ ਜਾਈਏ (2 ਕੁਰਿੰਥੀਆਂ 3:18)। ਮਸੀਹ ਵਿਚ ਨਵੀਂ ਸਰਿਸ਼ਟ ਦੀ ਨਿਆਈਂ (2 ਕੁਰਿੰਥੀਆਂ 5:17), ਅਸੀਂ ਸੰਸਾਰ ਦੇ ਲਈ ਬਰਕਤ ਦੇ ਸਾਧਨ ਬਣਨਾ ਹੈ, ਧਾਰਮਿਕਤਾ ਦੇ ਕੰਮ ਕਰਦੇ ਹੋਏ ਪਰਮੇਸ਼ੁਰ ਦੀ ਰੌਸ਼ਨੀ ਨੂੰ ਆਪਣੇ ਵਿਚੋਂ ਹੋ ਕੇ ਚਮਕਣ ਦੇਣਾ ਹੈ ਜੋ ਪਰਮੇਸ਼ੁਰ ਦੀ ਵਡਿਆਈ ਕਰਨ ਵਿਚ ਲੋਕਾਂ ਦੀ ਅਗਵਾਈ ਕਰੇਗੀ (ਮੱਤੀ 5:16; ਅਫ਼ਸੀਆਂ 2:10)।

*ਪਰਮੇਸ਼ੁਰ ਦੀ ਬੁਲਾਹਟ ਵਿਸ਼ਵਾਸ ਨੂੰ ਪੈਦਾ ਕਰਦੀ ਹੈ।* ਇਬਰਾਨੀਆਂ ਦਾ ਲੇਖਕ ਲਿਖਦਾ ਹੈ ਕਿ “ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ, ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤੀ ਕਰਨੀ ਚਾਹੀਦੀ ਹੈ ਕਿ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ” (ਇਬਰਾਨੀਆਂ 11:6)। ਜਦੋਂ ਇੱਕ ਸੱਚਾ ਪਰਮੇਸ਼ੁਰ ਅਬਰਾਹਾਮ ਤੇ ਪਰਗਟ ਹੋਇਆ ਅਤੇ ਐਲਾਨ ਕੀਤਾ ਕਿ ਉਹ ਉਸ ਨੂੰ, ਉਸ ਦੀ ਸੰਤਾਨ ਨੂੰ ਅਤੇ ਉਸ ਦੇ ਦੁਆਰਾ ਸਾਰੇ ਸੰਸਾਰ ਨੂੰ ਭਰਪੂਰੀ ਦੇ ਨਾਲ ਬਰਕਤ ਦੇਵੇਗਾ, ਤਾਂ ਇਹ ਸਬੂਤ ਸੀ ਜਿਸ ਨੇ ਵਿਸ਼ਵਾਸ ਨੂੰ ਪੈਦਾ ਕੀਤਾ ਸੀ (ਵੇਖੋ ਗਲਾਤੀਆਂ 3:8)। ਇਸ ਵਿਸ਼ਵਾਸ ਨੇ ਉਸ ਨੂੰ ਊਰ ਦੇਸ ਛੱਡਣ ਅਤੇ ਵਾਇਦੇ ਦੀ ਭੂਮੀ ਦੇ ਵੱਲ ਵੱਧਣ ਦੇ ਯੋਗ ਕੀਤਾ ਸੀ।

ਇਸੇ ਤਰ੍ਹਾਂ, ਨਵੇਂ ਨੇਮ ਵਿਚ ਪੌਲੁਸ ਨੇ ਕਿਹਾ, “ਸੋ ਪਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ” (ਰੋਮੀਆਂ 10:17)। ਵਿਸ਼ਵਾਸ ਇੰਜੀਲ ਦੇ ਰੂਪ ਵਿਚ ਪਰਮੇਸ਼ੁਰ ਦੇ ਵਚਨ ਨੂੰ ਸੁਣਨ ਦੇ ਦੁਆਰਾ ਆਉਂਦਾ ਹੈ, ਇਸ ਦੇ ਵਿਸ਼ੇ ਵਿਚ ਖੁਸ਼ ਖਬਰੀ ਕਿ ਪਰਮੇਸ਼ੁਰ ਨੇ ਯਿਸੂ ਮਸੀਹ ਦੇ ਦੁਆਰਾ ਮਨੁੱਖ ਜਾਤੀ ਦੇ ਲਈ ਕੀ ਕੀਤਾ ਹੈ ਅਤੇ ਕੀ ਕਰੇਗਾ।

ਪਰਮੇਸ਼ੁਰ ਨੇ ਪ੍ਰੇਮ ਦੇ ਨਾਲ ਆਪਣੇ ਆਪ ਨੂੰ ਅਬਰਾਹਾਮ ਦੇ ਉੱਤੇ ਪਰਗਟ ਕੀਤਾ ਅਤੇ ਇੰਜੀਲ (ਖੁਸ਼ਖਬਰੀ) ਦਾ ਪ੍ਰਚਾਰ ਕੀਤਾ ਕਿ ਉਹ ਕੌਣ ਹੈ (ਇੱਕੋ ਸੱਚਾ ਪਰਮੇਸ਼ੁਰ) ਅਤੇ ਉਹ ਪੁਰਖੇ ਦੇ ਲਈ ਕੀ ਕਰੇਗਾ। ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਵਾਇਦਾ ਕੀਤਾ ਕਿ ਉਹ ਉਸ ਨੂੰ “ਇੱਕ ਵੱਡੀ ਕੌਮ” ਬਣਾਵੇਗਾ, ਉਸ ਦਾ “ਨਾਉਂ ਵੱਡਾ ਕਰੇਗਾ” ਜੋ ਉਸ ਨੂੰ ਅਸੀਸ ਦਿੰਦੇ ਹਨ “ਉਨ੍ਹਾਂ ਨੂੰ ਅਸੀਸ ਦੇਵੇਗਾ” ਅਤੇ “ਉਨ੍ਹਾਂ ਨੂੰ ਸਰਾਪ ਦੇਵੇਗਾ ਜੋ ਉਸ ਨੂੰ ਸਰਾਪ ਦਿੰਦੇ ਹਨ [ਦਿੱਤਾ],” ਅਤੇ ਉਸ ਦੇ ਦੁਆਰਾ “ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ (12:2, 3)। ਆਖਿਰ ਵਿਚ, ਪਰਮੇਸ਼ੁਰ ਦਾ ਅਬਰਾਹਾਮ ਦੀ ਸੰਤਾਨ ਨੂੰ ਕਨਾਨ ਦੀ ਭੂਮੀ ਦੇਣ ਦਾ ਵਾਇਦਾ, ਜਿਸ ਦਾ ਸੰਕੇਤ 11:31 ਅਤੇ 12:1 ਵਿਚ ਦਿੱਤਾ ਗਿਆ ਸੀ, ਉਸ ਨੂੰ 12:7 ਅਤੇ 13:14-17 ਦੇ ਵਿਚ ਨਿਸ਼ਚਤ ਕੀਤਾ ਗਿਆ ਸੀ।

ਨਵੇਂ ਨੇਮ ਵਿਚ, ਪਹਿਲੀ ਸਦੀ ਵਿਚ ਜਦੋਂ ਰਸੂਲਾਂ ਨੇ ਇੰਜੀਲ (ਖੁਸ਼ਖਬਰੀ) ਦਾ ਪ੍ਰਚਾਰ ਕੀਤਾ, ਉਨ੍ਹਾਂ ਦੇ ਉਪਦੇਸ਼ ਦਾ ਵਿਸ਼ਾ ਹਮੇਸ਼ਾ ਇਹੋ ਸੀ ਕਿ ਪਰਮੇਸ਼ੁਰ ਨੇ ਯਿਸੂ ਦੇ ਦੁਆਰਾ ਦੁਨੀਆਂ ਨੂੰ ਬਚਾਉਣ ਦੇ ਲਈ ਕੀ ਕੀਤਾ ਸੀ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਯਿਸੂ ਦਾ ਜੀਵਨ ਅਤੇ ਉਸ ਦੇ ਕੰਮ, ਪ੍ਰਾਸਚਿਤ ਦੇ ਰੂਪ ਵਿਚ ਉਸ ਦੀ ਮੌਤ ਅਤੇ ਉਸ ਦਾ ਦਫ਼ਨਾਇਆ ਜਾਣਾ, ਜੀ ਉੱਠਣਾ ਅਤੇ ਸਵਰਗ ਵਿਚ ਉਠਾ ਲਿਆ ਜਾਣਾ ਇਹ ਪੁਰਾਣੇ ਨੇਮ ਦੀਆਂ ਭਵਿੱਖਵਾਣੀਆਂ ਦੀ ਪੂਰਤੀ ਸੀ। ਇਹ ਸਭ ਘਟਨਾਵਾਂ ਨੇ ਇਹ ਸੰਦੇਸ਼ ਦਿੱਤਾ ਕਿ ਉਸ ਨੇ ਉਸ ਨੂੰ ਮਸੀਹ (ਮਸੀਹਾ) ਅਤੇ ਪ੍ਰਭੂ ਦੋਵੇਂ ਹੀ ਬਣਾ ਦਿੱਤਾ ਸੀ। ਪੰਤੇਕੁਸਤ ਦੇ ਦਿਨ ਪਰਮੇਸ਼ੁਰ ਨੇ ਜੋ ਸੰਦੇਸ਼ ਦਿੱਤਾ ਸੀ ਉਹ ਅਸਲ ਵਿਚ “ਮੁਕਤੀ ਦੇ ਲਈ ਪਰਮੇਸ਼ੁਰ ਦੀ ਸ਼ਕਤੀ” ਸੀ (ਰੋਮੀਆਂ 1:16)। ਕਿਉਂਕਿ ਇਸ ਨੇ ਲੋਕਾਂ ਨੂੰ ਆਪਣੇ ਮਸੀਹਾ ਨੂੰ ਰੱਦਣ ਦਾ ਦੋਸ਼ੀ ਠਹਿਰਾਇਆ ਸੀ ਅਤੇ ਉਨ੍ਹਾਂ ਦੇ ਦਿਲਾਂ ਦੇ ਵਿਚ (ਰਸੂਲਾਂ ਦੇ ਕਰਤੱਬ 2:14-36) ਵਿਸ਼ਵਾਸ ਨੂੰ ਪੈਦਾ ਕੀਤਾ ਸੀ (ਰੋਮੀਆਂ 10:17)। ਜਦੋਂ ਲੋਕ ਚਿੱਲਾਏ, “ਹੇ ਭਈਓ ਅਸੀਂ ਕੀ ਕਰੀਏ?” (ਰਸੂਲਾਂ ਦੇ ਕਰਤੱਬ 2:37), ਪਤਰਸ ਨੇ ਇਹ ਕਹਿੰਦੇ ਹੋਏ ਉਨ੍ਹਾਂ ਨੂੰ ਉੱਤਰ ਦਿੱਤਾ “ਤੋਬਾ ਕਰੋ ਅਤੇ . . . “[ਆਪਣੇ] ਪਾਪਾਂ ਦੀ ਮਾਫ਼ੀ” ਅਤੇ “ਪਵਿੱਤ੍ਰ ਆਤਮਾ ਦਾ ਦਾਨ” ਪ੍ਰਾਪਤ ਕਰਨ ਦੇ ਲਈ ਹਰੇਕ “ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ” (ਰਸੂਲਾਂ ਦੇ ਕਰਤੱਬ 2:38)।

ਤੋਬਾ ਅਤੇ ਬਪਤਿਸਮਾ ਇੰਜੀਲ ਨਹੀਂ ਹਨ; ਇਹ ਉਨ੍ਹਾਂ ਲੋਕਾਂ ਦੇ ਲਈ ਕੇਵਲ ਹੁਕਮ ਹਨ ਜਿਨ੍ਹਾਂ ਨੂੰ ਇੰਜੀਲ ਦੇ ਦੁਆਰਾ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਜਿਨ੍ਹਾਂ ਨੂੰ ਇਸ ਦੀ ਲੋੜ ਹੈ ਕਿ ਵਿਸ਼ਵਾਸ ਦੇ ਦੁਆਰਾ ਇਸ ਦਾ ਉੱਤਰ ਕਿਵੇਂ ਦਿੱਤਾ ਜਾਵੇ। ਵਿਸ਼ਵਾਸ ਨੂੰ ਕਾਇਮ ਰੱਖਣਾ ਹਮੇਸ਼ਾ ਇੱਕ ਆਗਿਆਕਾਰੀ ਵਿਸ਼ਵਾਸ ਹੁੰਦਾ ਹੈ; ਜਦੋਂ ਪਾਪੀ ਇਹ ਖੁਸ਼ਖਬਹੀ ਸੁਣਦੇ ਹਨ ਕਿ ਪਰਮੇਸ਼ੁਰ ਨੇ ਆਪਣੇ ਪੁੱਤਰ ਯਿਸੂ ਮਸੀਹ ਦੇ ਦੁਆਰਾ ਸਾਰੀ ਮਨੁੱਖ ਜਾਤੀ ਦੇ ਲਈ ਕੀ ਕੀਤਾ ਹੈ ਤਾਂ ਉਹ ਤੋਬਾ ਅਤੇ ਬਪਤਿਸਮੇ ਦੇ ਦੁਆਰਾ ਉਸ ਦਾ ਪ੍ਰਤਿਉੱਤਰ ਦਿੰਦੇ ਹਨ। ਮੁਕਤੀ ਯੋਗਤਾ ਦੇ ਕੰਮਾਂ ਦੇ ਦੁਆਰਾ ਨਹੀਂ ਆਉਂਦੀ ਹੈ; ਪੌਲੁਸ ਨੇ ਇਸ ਦਾ ਵਰਣਨ “ਨਿਹਚਾ ਦੀ ਆਗਿਆਕਾਰੀ” ਦੇ ਰੂਪ ਵਿਚ ਕੀਤਾ ਹੈ (ਰੋਮੀਆਂ 1:5) ਜਿਸ ਦਾ ਆਧਾਰ ਇਹ ਹੈ ਕਿ ਮਸੀਹ ਨੇ ਲੋਕਾਂ ਦੇ ਪਾਪਾਂ ਨੂੰ ਦੂਰ ਕਰਨ ਦੇ ਲਈ ਕੀ ਕੀਤਾ ਹੈ।

*ਪਰਮੇਸ਼ੁਰ ਦੀ ਬੁਲਾਹਟ ਵਿਅਕਤੀਗਤ ਹੈ ਅਤੇ ਉਸ ਨੇ ਆਗਿਆਕਾਰੀ ਦੀ ਮੰਗ ਕੀਤੀ ਸੀ।* ਅਬਰਾਹਾਮ ਦੀ ਪਹਿਲੀ ਬੁਲਾਹਟ ਊਰ (ਦੱਖਣੀ ਮਸੋਪੋਤਾਮੀਆ; 15:7) ਵਿਚ ਹੋਈ ਸੀ। ਰਸੂਲਾਂ ਦੇ ਕਰਤੱਬ 7:2 ਵਿਚ ਇਸਤੀਫ਼ਾਨ ਦੇ ਬਿਆਨ ਦੇ ਅਨੁਸਾਰ, ਇਸ ਵਿਚ ਨਾ ਸਿਰਫ ਪਰਮੇਸ਼ੁਰ ਦਾ ਬੋਲਿਆ ਹੋਇਆ ਵਚਨ ਹੀ ਸ਼ਾਮਲ ਸੀ, ਸਗੋਂ ਉਸ ਦੀ ਮਹਿਮਾ ਦਾ ਰੂਪ (ਪਰਮੇਸ਼ੁਰ ਦਾ ਇੱਕ ਮਨੁੱਖੀ ਰੂਪ) ਵੀ ਸ਼ਾਮਲ ਸੀ। ਇਹ ਜ਼ਰੂਰੀ ਸੀ ਕਿਉਂਕਿ ਇਸ ਵਿਚ ਇੱਕ ਮੁਸ਼ਕਲ ਮੰਗ ਸ਼ਾਮਲ ਸੀ: ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ ਆਪਣੇ ਘਰ, ਦੇਸ, ਸਾਕਾਂ ਅਤੇ ਪਿਤਾ ਦੇ ਪਰਿਵਾਰ ਨੂੰ ਛੱਡ ਕੇ ਇੱਕ ਓਪਰੇ ਅਤੇ ਦੂਰ ਦੇਸ ਵਿਚ ਜਾਵੇ ਜੋ ਉਹ ਉਸ ਨੂੰ ਵਿਖਾਵੇਗਾ (ਰਸੂਲਾਂ ਦੇ ਕਰਤੱਬ 7:3; ਵੇਖੋ ਉਤਪਤ 12:1)। ਕਿਉਂਕਿ ਅਬਰਾਹਾਮ ਨੇ ਉਸ ਸਮੇਂ ਤੱਕ ਬਹੁਤ ਸਾਰੇ ਦੇਵਤਿਆਂ ਦੀ ਪੂਜਾ ਕੀਤੀ ਸੀ, ਇਸ ਲਈ ਪ੍ਰਭੂ ਦੇ ਲਈ ਇਹ ਜ਼ਰੂਰੀ ਸੀ ਕਿ ਉਹ ਉਸ ਦੇ ਉੱਤੇ ਆਪਣੇ ਆਪ ਨੂੰ ਇਕਮਾਤਰ ਸੱਚੇ ਪਰਮੇਸ਼ੁਰ ਦੇ ਰੂਪ ਵਿਚ ਪਰਗਟ ਕਰੇ, ਜੋ ਉਸ ਨੂੰ ਇੱਕ ਨਾਟਕੀ ਢੰਗ ਦੇ ਨਾਲ ਬੁਲਾ ਰਿਹਾ ਸੀ ਤਾਂ ਕਿ ਉਹ ਅਤੀਤ ਨਾਲ ਆਪਣੇ ਸੰਬੰਧ ਨੂੰ ਪੂਰੀ ਤਰ੍ਹਾਂ ਦੇ ਨਾਲ ਤੋੜ ਕੇ ਵਿਸ਼ਵਾਸ ਦੇ ਨਾਲ ਚੱਲਣਾ ਸ਼ੁਰੂ ਕਰੇ। ਪੁਰਖੇ ਨੂੰ ਇਹ ਵਿਸ਼ਵਾਸ ਹੋਣਾ ਚਾਹੀਦਾ ਸੀ ਕਿ ਇਹ ਉਸ ਦੇ ਮਨ ਦਾ ਵਹਿਮ ਜਾਂ ਇੱਕ ਭਰਮ ਨਹੀਂ ਸੀ।[22]

ਤਾਂ ਵੀ, ਅਬਰਾਹਾਮ ਨੂੰ ਵਿਸ਼ਵਾਸ ਅਤੇ ਆਗਿਆਕਾਰੀ ਵਿਚ ਵੱਧਣਾ ਪਿਆ। ਉਸ ਦੇ

ਵਿਸ਼ਵਾਸ ਦੇ ਮਜ਼ਬੂਤ ਹੋਣ ਅਤੇ ਆਗਿਆਕਾਰੀ ਦੇ ਦੁਆਰਾ ਸਿੱਧ ਹੋਣ ਵਿਚ ਉਤਰਾਵਾਂ ਅਤੇ ਚੜ੍ਹਾਵਾਂ ਦੋਵਾਂ ਸਮੇਤ – ਕਈਆਂ ਸਾਲਾਂ ਦਾ ਸਮਾਂ ਲੱਗੇਗਾ (ਰੋਮੀਆਂ 4:20; ਯਾਕੂਬ 2:22)। ਜਦੋਂ ਉਹ ਊਰ ਵਿਚ ਸੀ, ਤਾਂ ਉਸ ਨੂੰ ਵਾਇਦਾ ਕੀਤੇ ਦੇਸ ਵਿਚ ਜਾਣ ਦੀ ਲੰਬੀ ਯਾਤਰਾ ਨੂੰ ਸ਼ੁਰੂ ਕਰਨ ਦੇ ਲਈ ਕਾਫ਼ੀ ਵਿਸ਼ਵਾਸ ਸੀ। ਉਸ ਦੇ ਵਿਸ਼ਵਾਸ ਦੇ ਕਾਰਣ ਉਸ ਦੇ ਪੈਰ ਤੁਰਨੇ ਸ਼ੁਰੂ ਹੋ ਗਏ; ਪਰ ਉਸ ਦੇ ਅੰਦਰ ਇੰਨਾ ਵਿਸ਼ਵਾਸ ਨਹੀਂ ਸੀ ਕਿ ਉਹ ਆਪਣੇ ਪਰਿਵਾਰ ਨੂੰ ਪਿੱਛੇ ਛੱਡ ਸਕੇ ਅਤੇ ਨਾ ਹੀ ਉਸ ਦਾ ਵਿਸ਼ਵਾਸ ਇਨ੍ਹਾਂ ਮਜ਼ਬੂਤ ਸੀ ਕਿ ਉਹ ਉਸ ਨੂੰ ਕਨਾਨ ਦੇਸ ਤੱਕ ਲੈ ਜਾ ਸਕੇ। ਉਹ ਅਤੇ ਉਸ ਦੇ ਨਾਲ ਯਾਤਰਾ ਕਰਨ ਵਾਲੇ ਉਸ ਦੇ ਸਾਥੀ ਆਪਣੀ ਯਾਤਰਾ ਦੇ ਅੱਧ ਵਿਚ ਇੱਕ ਸਥਾਨ ਤੇ ਰੁੱਕ ਗਏ ਅਤੇ ਉਹ ਹਾਰਾਨ ਵਿਚ ਪੱਛਮੀ ਮਸੋਪੋਤਾਮੀਆ ਵਿਚ ਵੱਸ ਗਏ।

ਲਿਖਤਾਂ ਅਜਿਹਾ ਕੋਈ ਸੰਕੇਤ ਨਹੀਂ ਦਿੰਦੀਆਂ ਕਿ ਅਬਰਾਹਾਮ ਨੇ ਵਾਇਦੇ ਦੇ ਦੇਸ ਵਿਚ ਜਾਣ ਦੀ ਆਪਣੀ ਯਾਤਰਾ ਨੂੰ ਰੋਕਣ ਅਤੇ ਆਪਣੀ ਮੰਜ਼ਿਲ ਤੋਂ ਚਾਰ ਸੌ ਮੀਲ ਪਿੱਛੇ ਵੱਸ ਜਾਣ ਦੇ ਲਈ ਪਰਮੇਸ਼ੁਰ ਦੇ ਕੋਲੋਂ ਕੋਈ ਇਜਾਜ਼ਤ ਮੰਗੀ ਸੀ। ਉਹ ਅਤੇ ਉਸ ਦਾ ਪਰਿਵਾਰ ਹਾਰਾਨ ਵਿਚ ਇੰਨੇ ਸਾਲਾਂ ਤੱਕ ਰਹਿੰਦਾ ਰਿਹਾ ਕਿ ਇਹ ਉਨ੍ਹਾਂ ਦਾ ਆਪਣਾ ਦੇਸ ਬਣ ਗਿਆ ਸੀ (12:1); ਪਰਮੇਸ਼ੁਰ ਨੇ ਪੁਰਖੇ ਨੂੰ ਆਪਣੇ ਦੇਸ, ਆਪਣੇ ਪਿਤਾ ਦੇ ਘਰ ਅਤੇ ਸਾਕਾਂ ਨੂੰ ਛੱਡ ਕੇ ਕਨਾਨ ਜਾਣ ਦੇ ਲਈ ਉਸ ਸਮੇਂ ਤੱਕ ਨਹੀਂ ਬੁਲਾਇਆ, ਜਦੋਂ ਤੱਕ ਉਸ ਦਾ ਪਿਤਾ, ਤਾਰਹ, ਮਰ ਨਾ ਗਿਆ (12:1, 5)। ਉਸ ਸਮੇਂ, ਅਬਰਾਹਾਮ ਪਚੱਤਰਾਂ ਸਾਲਾਂ ਦਾ ਸੀ। ਸਾਰਾਹ ਉਸ ਤੋਂ ਦਸ ਸਾਲ ਛੋਟੀ ਸੀ (12:4; 17:17)। ਅਸੀਂ ਨਹੀਂ ਜਾਣਦੇ ਕਿ ਜਦੋਂ ਪਰਮੇਸ਼ੁਰ ਨੇ ਪਹਿਲੀ ਵਾਰ ਊਰ ਦੇਸ ਵਿਚ ਅਬਰਾਹਾਮ ਨੂੰ ਬੁਲਾਇਆ ਸੀ ਤਾਂ ਉਸ ਦੀ ਉਮਰ ਕਿੰਨੀ ਸੀ, ਪਰ ਕੁਝ ਲੋਕ ਸੋਚਦੇ ਹਨ ਕਿ ਉਸ ਸਮੇਂ ਉਸ ਦੀ ਉਮਰ ਤੀਹਾਂ ਜਾਂ ਚਾਲੀਆਂ ਸਾਲਾਂ ਦੀ ਰਹੀ ਹੋਵੇਗੀ। ਇਸ ਮਾਮਲੇ ਵਿਚ, ਉਸ ਨੇ ਆਪਣੇ ਜੀਵਨ ਦਾ ਅੱਧਾ ਸਮਾਂ ਗਲਤ ਸਥਾਨ ਤੇ ਗੁਜ਼ਾਰ ਲਿਆ ਸੀ (ਹਾਰਾਨ)।

12:1-3 ਵਿਚ ਬੁਲਾਹਟ ਨੂੰ ਪ੍ਰਾਪਤ ਕਰਕੇ ਅਬਰਾਹਾਮ ਦੇ ਵਿਸ਼ਵਾਸ ਦੇ ਦੁਆਰਾ ਉਸ ਦੇ ਪੈਰ ਦੁਬਾਰਾ ਚੱਲ ਪਏ, ਤਾਂ ਕਿ ਉਹ ਦੁਬਾਰਾ ਕਨਾਨ ਦੇ ਵੱਲ ਚੱਲ ਪਵੇ। ਇੱਕ ਵਾਰ ਫਿਰ, ਉਸ ਨੇ ਆਪਣੇ ਪਰਿਵਾਰ ਨੂੰ ਪਿੱਛੇ ਛੱਡਣ ਦੀ ਬਜਾਇ ਆਪਣੇ ਨਾਲ ਲੈ ਲਿਆ (12:4, 5)। ਸਾਰਾਹ ਅਜੇ ਤੱਕ ਵੀ ਬਾਂਝ ਸੀ ਅਤੇ ਅਬਰਾਹਾਮ ਦਾ ਕੋਈ ਪੁੱਤਰ ਜਾਂ ਵਾਰਸ ਨਹੀਂ ਸੀ। ਉਸ ਨੇ ਆਪਣੇ ਨਾਲ ਆਪਣੇ ਭਤੀਜੇ ਲੂਤ ਅਤੇ ਆਪਣੇ ਦੋਵਾਂ ਦੇ ਸਾਰੇ ਨੌਕਰਾਂ (ਸ਼ਾਇਦ ਦਾਸਾਂ) ਨੂੰ ਲਿਆ, ਇਸ ਦੇ ਨਾਲ ਨਾਲ ਬਹੁਤ ਸਾਰੀਆਂ ਭੇਡਾਂ ਬੱਕਰੀਆਂ ਅਤੇ ਵੱਗਾਂ, ਦੇ ਨਾਲ ਤੁਰ ਪਏ।

"ਵਿਸ਼ਵਾਸ ਦੇ ਨਾਲ," ਅਬਰਾਹਾਮ ਅਤੇ ਉਸ ਦੇ ਦਲ ਕਨਾਨ ਪਹੁੰਚੇ (ਇਬਰਾਨੀਆਂ 11:8)। ਕੁਲਪਿਤਾ ਨੂੰ ਵਿਸ਼ਵਾਸ, ਆਗਿਆਕਾਰੀ ਅਤੇ ਕਿਰਪਾ ਅਤੇ ਸਚਿਆਈ ਦਾ ਗਿਆਨ ਪ੍ਰਾਪਤ ਕਰਨ ਵਿਚ ਵਧਣ ਦੀ ਲੋੜ ਸੀ, ਜਿਵੇਂ ਪ੍ਰਭੂ ਦੇ ਰਸੂਲਾਂ ਨੇ ਕੀਤਾ ਸੀ (ਮੱਤੀ 17:20; ਮਰਕੁਸ 4:40; ਲੂਕਾ 17:5, 6)। ਇੱਥੋਂ ਤੱਕ ਕਿ ਵਰਤਮਾਨ ਸਮੇਂ ਵਿਚ ਵੀ, ਪਰਮੇਸ਼ੁਰ ਦੇ ਸਾਰੇ ਲੋਕਾਂ ਨੂੰ ਪਰਮੇਸ਼ੁਰ ਦੀ ਇਸੇ ਚੁਨੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇੰਜੀਲ ਦੀ ਆਗਿਆਕਾਰੀ ਕਰਕੇ ਮਸੀਹੀ ਬਣੇ ਹਰੇਕ ਮਸੀਹੀ ਨੂੰ ਪਰਮੇਸ਼ੁਰ ਦੇ ਨਾਲ ਚੱਲਣਾ ਅਤੇ ਵਿਸ਼ਵਾਸ ਵਿਚ ਵੱਧਣਾ ਸ਼ੁਰੂ ਕਰਨਾ ਚਾਹੀਦਾ ਹੈ (ਮੱਤੀ 28:19, 20; ਮਰਕੁਸ 16:15, 16; 1 ਪਤਰਸ 2:1, 2; 2 ਪਤਰਸ 3:18)।

*ਪਰਮੇਸ਼ੁਰ ਨੇ ਕਨਾਨ ਦੇ ਵਿਚ ਅਬਰਾਹਾਮ ਦੇ ਲਈ ਆਪਣੀ ਬੁਲਾਹਟ ਨੂੰ ਫਿਰ ਤੋਂ ਦੁਹਰਾਇਆ।* ਜਦੋਂ ਅਬਰਾਹਾਮ ਵਾਇਦਾ ਕੀਤੇ ਹੋਏ ਦੇਸ ਵਿਚ ਪਹੁੰਚਿਆ ਅਤੇ ਸ਼ਕਮ (ਕਨਾਨ

ਦੇ ਵਿਚਕਾਰ) ਨੂੰ ਗਿਆ, ਤਾਂ ਉਸ ਨੇ ਵੇਖਿਆ ਕਿ ਕਨਾਨੀਆਂ ਨੇ ਜ਼ਿਆਦਾਤਰ ਧਰਤੀ ਤੇ ਕਬਜ਼ਾ ਕੀਤਾ ਹੋਇਆ ਸੀ (12:6)। ਹੋ ਸਕਦਾ ਹੈ ਕਿ ਇਹ ਸੋਚ ਕੇ ਕਿ ਇਹ ਭੂਮੀ ਮੇਰੀ ਅੰਸ ਨੂੰ ਕਿਵੇਂ ਪ੍ਰਾਪਤ ਹੋ ਸਕਦੀ ਹੈ, ਉਸ ਦਾ ਮਨ ਬੈਠ ਗਿਆ ਹੋਵੇ। ਉਸ ਦੇ ਵਿਸ਼ਵਾਸ ਨੂੰ ਵਧਾਉਣ ਦੇ ਲਈ ਅਤੇ ਉਸ ਦੀਆਂ ਚਿੰਤਾਵਾਂ ਨੂੰ ਘੱਟ ਕਰਨ ਦੇ ਲਈ, ਪੁਰਖੇ ਨੂੰ "ਪ੍ਰਭੂ ਨੇ ਦਰਸ਼ਨ ਦੇ ਕੇ" ਇੱਕ ਵਾਰ ਫਿਰ, ਕਨਾਨ ਦੀ ਭੂਮੀ ਉਸ ਦੀ "ਅੰਸ" ਨੂੰ ਦੇਣ ਦਾ ਵਾਇਦਾ ਕਰਦੇ ਹੋਏ ਖੁਸ਼ ਖਬਰੀ ਦਾ ਪ੍ਰਚਾਰ ਕੀਤਾ। ਇਸ ਨਾਲ ਉਸ ਨੂੰ ਹੌਂਸਲਾ ਮਿਲਿਆ ਅਤੇ ਉਸ ਦਾ ਵਿਸ਼ਵਾਸ ਇਸ ਹੱਦ ਤੱਕ ਵੱਧ ਗਿਆ ਕਿ "ਉਸ ਨੇ ਉੱਥੇ ਇੱਕ ਜਗਵੇਦੀ ਯਹੋਵਾਹ ਦੇ ਲਈ ਜਿਸ ਨੇ ਉਹ ਨੂੰ ਦਰਸ਼ਨ ਦਿੱਤਾ ਸੀ ਬਣਾਈ" (12:7)। ਉਸ ਦੇ ਦਲੇਰੀ ਭਰੇ ਕੰਮ ਨੇ ਇਸ ਗੱਲ ਨੂੰ ਪਰਗਟ ਕੀਤਾ ਕਿ ਉਹ ਉਪਾਸਨਾ ਕਰਨ ਦੇ ਲਈ ਸ਼ਕਮ ਦੀ ਮੂਰਤੀਪੂਜਕ ਜਗਵੇਦੀ ਤੇ ਨਹੀਂ ਜਾਵੇਗਾ,[23] ਪਰ ਸਿਰਫ ਯਹੋਵਾਹ ਦਾ ਹੀ ਆਦਰ ਕਰੇਗਾ, ਜਿਸ ਨੇ ਉਸ ਨੂੰ ਮਸੋਪੋਤਾਮੀਆ ਤੋਂ ਇਸ ਓਪਰੇ ਦੇਸ ਵਿਚ ਆਉਣ ਦੇ ਲਈ ਬੁਲਾਇਆ ਸੀ।

ਜਦੋਂ ਅਬਰਾਹਾਮ ਦੇਸ ਤੋਂ ਪਾਰ ਲੰਘਿਆ, ਤਾਂ ਉਸ ਨੇ ਬੈਤ-ਏਲ ਅਤੇ ਅਈ ਦੇ ਵਿਚਕਾਰ "ਤੰਬੂ ਲਾਇਆ" ਅਤੇ ਇੱਕ ਵੇਦੀ ਬਣਾਈ, ਜਿੱਥੇ ਉਸ ਨੇ "ਯਹੋਵਾਹ ਦਾ ਨਾਮ" ਲੈ ਕੇ ਉਸ ਦੀ ਉਪਾਸਨਾ ਕੀਤੀ (12:8)। ਕਨਾਨ ਨੂੰ ਯਾਤਰਾ ਕਰਦੇ ਹੋਏ ਪੁਰਖਾ ਜਿੱਥੇ ਜਿੱਥੇ ਰੁਕਿਆ, ਉੱਥੇ ਉੱਥੇ ਉਸ ਨੇ ਨਿਰੰਤਰ ਤੰਬੂ ਲਾਇਆ ਅਤੇ ਉਪਾਸਨਾ ਦੇ ਲਈ ਇੱਕ ਜਗਵੇਦੀ ਬਣਾਈ (12:7, 8; 13:3, 4, 18)। ਤੰਬੂ ਇਸ ਤੱਥ ਦੀ ਗਵਾਹੀ ਦੇ ਰਿਹਾ ਸੀ ਕਿ ਉਹ "ਵਾਇਦੇ ਦੇ ਦੇਸ ਵਿਚ ਇੱਕ ਪਰਦੇਸੀ" ਸੀ (ਇਬਰਾਨੀਆਂ 11:8, 9); ਉਸ ਨੇ ਆਪਣੇ ਪਰਿਵਾਰ ਦੇ ਲਈ ਇੱਕ ਘਰ ਦੇ ਰੂਪ ਵਿਚ ਇੱਕ ਸਥਾਈ ਢਾਂਚੇ ਦਾ ਨਿਰਮਾਣ ਨਹੀਂ ਕੀਤਾ ਸੀ। ਜਗਵੇਦੀ ਪ੍ਰਭੂ ਵਿਚ ਉਸ ਦੇ ਵਿਸ਼ਵਾਸ ਦੀ ਗਵਾਹ ਅਤੇ ਉਸ ਦੇ ਪ੍ਰਤਿ ਉਸ ਦੇ ਆਦਰ ਨੂੰ ਦਰਸਾਉਂਦੀ ਹੈ ਜਿਸ ਨੇ ਉਸ ਨੂੰ ਮਸੋਪੋਤਾਮੀਆ ਅਤੇ ਮੂਰਤੀਪੂਜਕ ਸੰਸਕ੍ਰਿਤੀ ਤੋਂ ਬਾਹਰ ਬੁਲਾਇਆ ਸੀ ਜਿਸ ਨੂੰ ਪਹਿਲਾਂ ਤੋਂ ਜਾਣਦੇ ਸਨ।

ਪੁਰਖੇ ਦੇ ਗੁਆਂਢੀ ਕਨਾਨੀ ਲੋਕ ਜ਼ਰੂਰ ਇਸ ਗੱਲ ਦੇ ਉੱਤੇ ਧਿਆਨ ਦਿੰਦੇ ਹੋਣਗੇ ਕਿ ਉਹ ਉਪਾਸਨਾ ਕਰਨ ਦੇ ਲਈ ਜਗਵੇਦੀਆਂ ਬਣਾਉਂਦਾ ਹੈ ਜਦਕਿ ਉਸ ਵਿਚ ਕੋਈ ਮੂਰਤ ਨਹੀਂ ਹੁੰਦੀ। ਉਸ ਦੇ ਲਈ ਕੋਈ ਵੀ ਇੱਕ ਸਥਾਨ ਪਵਿੱਤਰ ਨਹੀਂ ਮੰਨਿਆ ਜਾਂਦਾ ਸੀ; ਪਰ ਜਿੱਥੇ ਕਿਤੇ ਵੀ ਉਹ ਆਪਣਾ ਤੰਬੂ ਲਾਉਂਦਾ ਅਤੇ ਜਗਵੇਦੀ ਬਣਾਉਂਦਾ ਸੀ, ਉੱਥੇ ਹੀ ਉਹ ਪ੍ਰਭੂ ਦੇ ਨਾਮ ਨੂੰ ਪੁਕਾਰਦਾ ਹੁੰਦਾ ਸੀ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਯਹੋਵਾਹ ਸਿਰਫ ਇੱਕ ਸਥਾਨਕ ਦੇਵਤਾ ਹੀ ਨਹੀਂ ਹੈ ਜੋ ਸਮੇਂ ਅਤੇ ਸਥਾਨ ਦੇ ਦੁਆਰਾ ਸੀਮਿਤ ਕੀਤਾ ਗਿਆ ਸੀ, ਜਿਵੇਂ ਕਨਾਨੀਆਂ ਨੇ ਆਪਣੇ ਦੇਵਤਿਆਂ ਦੇ ਵਿਸ਼ੇ ਵਿਚ ਮੰਨਿਆ ਹੋਇਆ ਸੀ। ਕਿਸੇ ਵੀ ਸਥਾਨ ਤੇ ਪਰਮੇਸ਼ੁਰ ਦੀ ਉਪਾਸਨਾ ਖੁੱਲ੍ਹੇਆਮ ਕਰ ਸਕਣ ਨੇ ਦੁਨੀਆਂ ਦੇ ਉੱਤੇ ਪਰਮੇਸ਼ੁਰ ਦੇ ਸੱਚੇ ਆਤਮਿਕ ਸੁਭਾਅ ਨੂੰ ਘੋਸ਼ਿਤ ਕੀਤਾ। ਅਬਰਾਹਾਮ ਦੀ ਪ੍ਰਸ਼ੰਸਾ ਇਸ ਗੱਲ ਵਿਚ ਸੀ, ਕਿ ਉਹ ਆਪਣੇ ਆਲੇ-ਦੁਆਲੇ ਦੇ ਮੂਰਤੀਪੂਜਕ ਲੋਕਾਂ ਦੇ ਸਾਹਮਣੇ ਪਰਮੇਸ਼ੁਰ ਦੀ ਉਪਾਸਨਾ ਖੁੱਲ੍ਹੇਆਮ ਕਰਨ ਤੋਂ ਨਹੀਂ ਸ਼ਰਮਾਉਂਦਾ ਸੀ। ਉਸ ਦੇ ਕੰਮ ਪਰਮੇਸ਼ੁਰ ਦੇ ਵਿਚ ਉਸ ਦੇ ਵਿਸ਼ਵਾਸ ਦਾ ਇੱਕ ਸਬੂਤ ਸੀ ਜਿਸ ਨੇ ਉਸ ਨੂੰ ਬੁਲਾਇਆ ਸੀ, ਉਸ ਨੂੰ ਬਰਕਤ ਦੇਣ ਦਾ ਵਾਇਦਾ ਕੀਤਾ ਸੀ ਅਤੇ ਉਸ ਨੂੰ ਉਸ ਦੇਸ ਵਿਚ ਜਿੱਥੇ ਕਨਾਨੀ ਰਹਿੰਦੇ ਸਨ ਇੱਕ ਨਵੀਂ ਸ਼ੁਰੂਆਤ ਅਤੇ ਸੁਭਾਗ ਦਿੱਤਾ ਸੀ।

ਅੱਜ, ਸਾਨੂੰ ਪ੍ਰਭੂ ਦੇ ਦੁਆਰਾ ਅਬਰਾਹਾਮ ਦੇ ਵਾਂਗ ਨਹੀਂ ਬੁਲਾਇਆ ਜਾਂਦਾ ਹੈ ਕਿ ਅਸੀਂ ਆਪਣੇ ਰਿਸ਼ਤੇਦਾਰਾਂ ਨੂੰ ਛੱਡ ਕੇ ਦੂਰ ਦੇਸਾਂ ਨੂੰ ਜਾਈਏ ਅਤੇ ਉੱਥੇ "ਓਪਰੇ ਅਤੇ ਪਰਦੇਸੀ" ਦੇ

ਰੂਪ ਵਿਚ ਰਹੀਏ (ਇਬਰਾਨੀਆਂ 11:13)। ਸਾਨੂੰ ਪ੍ਰਭੂ ਦੇ ਰਾਹੀਂ ਇੰਜੀਲ ਦੇ ਦੁਆਰਾ ਬੁਲਾਇਆ ਜਾਂਦਾ ਹੈ (2 ਥੱਸਲੁਨੀਕੀਆਂ 2:14) ਤਾਂ ਕਿ ਇਹ ਯਾਦ ਰੱਖੀਏ ਕਿ ਭਾਵੇਂ ਅਸੀਂ ਕਿਤੇ ਵੀ ਰਹੀਏ, ਅਸੀਂ ਇਸ ਸੰਸਾਰ ਨਾਲ ਸੰਬੰਧਤ ਨਹੀਂ ਹਾਂ; ਇਹ ਸਾਡਾ ਸਥਾਈ ਨਿਵਾਸ ਨਹੀਂ ਹੈ। ਸਾਨੂੰ ਸਰੀਰਕ ਪਰੀਖਿਆਵਾਂ ਅਤੇ ਸੰਸਾਰਿਕ ਗਤੀਵਿਧੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਸਾਨੂੰ ਅਤੇ ਸਾਡੇ ਨਾਲ ਨਾਲ ਦੂਸਰਿਆਂ ਨੂੰ ਵੀ ਹੇਠਾਂ ਖਿੱਚ ਲੈਣਗੇ। ਸਾਨੂੰ ਚਾਹੀਦਾ ਹੈ ਕਿ ਅਸੀਂ "ਸਿਆਣਪੁਣੇ ਦੀ ਵੱਲ ਅਗਾਹਾਂ ਵੱਧਦੇ ਜਾਈਏ" (ਇਬਰਾਨੀਆਂ 6:1) ਅਤੇ "ਉਸ ਪਾਪ ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ ਪਰੇ ਸੁੱਟ . . ." (ਇਬਰਾਨੀਆਂ 12:1)। ਅਬਰਾਹਾਮ ਦੇ ਵਾਂਗ, ਸਾਨੂੰ ਇੱਥੇ ਆਰਾਮ ਤੋਂ ਬਚਣਾ ਚਾਹੀਦਾ ਹੈ "ਅਤੇ ਇਸ ਜੁੱਗ ਦੇ ਰੂਪ ਜੇਹੇ" ਨਹੀਂ ਬਣਨਾ ਚਾਹੀਦਾ ਹੈ (ਰੋਮੀਆਂ 12:2)। "ਪਰਦੇਸੀ ਅਤੇ ਮੁਸਾਫ਼ਰ ਹੋ ਕੇ" (1 ਪਤਰਸ 2:11) ਜੋ ਸਿਰਫ ਇੱਕ ਓਪਰੇ ਦੇਸ ਵਿਚੋਂ ਗੁਜ਼ਰ ਰਹੇ ਹਨ, ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ ਅਸਲੀ ਘਰ ਅਤੇ ਵਿਰਾਸਤ "ਸਵਰਗ ਵਿਚ" ਹਨ (ਫ਼ਿਲਿੱਪੀਆਂ 3:20; ਇਬਰਾਨੀਆਂ 11:10, 15, 16)।

**ਵਿਸ਼ਵਾਸ ਦੇ ਪੁਰਖ ਦੀਆਂ ਪਰੀਖਿਆਵਾਂ (12:10-20)**

ਅਬਰਾਹਾਮ ਨੂੰ ਆਪਣੇ ਵਿਸ਼ਵਾਸ ਵਿਚ ਗਹਿਰੀ ਵਚਨਬੱਧਤਾ ਵਿਕਸਿਤ ਕਰਨ ਦੇ ਲਈ ਸਮੇਂ ਦੀ ਲੋੜ ਸੀ। ਅਸੀਂ ਉਸ ਦੀ ਆਗਿਆਕਾਰੀ ਦੇ ਗਵਾਹ ਹਾਂ ਜੋ – ਅੰਸ਼ ਦਰ ਅੰਸ਼ ਹੋਣ ਦੇ ਬਾਵਜੂਦ ਵੀ – ਵੱਧ ਕੇ ਇਕਸਾਰ ਹੋ ਰਹੀ ਸੀ। ਪਰ, ਪਰੀਖਿਆ, ਅਜ਼ਮਾਇਸ਼, ਡਰ ਅਤੇ ਨੈਤਿਕਤਾ ਦੀ ਕਮੀ ਦੇ ਕਾਰਣ ਉਸ ਵਿਅਕਤੀ ਨੇ ਪਰਮੇਸ਼ੁਰ ਵਿਚ ਆਤਮ ਵਿਸ਼ਵਾਸ ਦੀ ਕਮੀ ਨੂੰ ਪਰਗਟ ਕੀਤਾ। ਅਬਰਾਹਾਮ ਵਿਸ਼ਵਾਸ ਦੇ ਨਾਲ ਚੱਲਿਆ, ਆਖਿਰਕਾਰ ਕਈ ਸਾਲਾਂ ਦੇ ਬਾਅਦ ਵਾਇਦਾ ਕੀਤੈ ਦੇਸ ਵਿਚ ਪਹੁੰਚਿਆ। ਉਸ ਨੇ ਸ਼ਾਇਦ ਸੋਚਿਆ ਹੋਵੇਗਾ ਕਿ ਊਰ ਅਤੇ ਹਾਰਾਨ ਨੂੰ ਛੱਡ ਕੇ ਆਪਣੇ ਪਰਿਵਾਰ ਦੇ ਵਿਚ ਆਉਣ ਵਾਲੀਆਂ ਜ਼ਿਆਦਾਤਰ ਸਮੱਸਿਆਵਾਂ, ਨਾਲ ਹੀ ਕਨਾਨ ਦੀ ਲੰਮੀ ਅਤੇ ਕਠੋਰ ਯਾਤਰਾ ਹੁਣ ਉਸ ਦੇ ਪਿੱਛੇ ਸੀ। ਪਰ, ਉਸ ਨੂੰ ਜਲਦੀ ਹੀ ਪਤਾ ਲੱਗ ਗਿਆ ਕਿ ਅਜਿਹਾ ਨਹੀਂ ਸੀ। ਨਵੀਆਂ ਮੁਸ਼ਕਲਾਂ ਪੈਦਾ ਹੋ ਗਈਆਂ ਜਿਨ੍ਹਾਂ ਨੇ ਉਸ ਨੂੰ ਕਨਾਨ ਨੂੰ ਛੱਡਣ ਅਤੇ ਇੱਥੋਂ ਤੱਕ ਕਿ ਆਪਣੀ ਪਤਨੀ ਸਾਰਾਹ ਨੂੰ ਧੋਖਾ ਦੇਣ ਦੇ ਦੁਆਰਾ ਆਪਣੇ ਭਵਿੱਖ ਦੀ ਸੰਤਾਨ ਨੂੰ ਖਤਰੇ ਵਿਚ ਪਾ ਦੇਣ ਦੇ ਲਈ ਪ੍ਰੇਰਿਤ ਕੀਤਾ ਸੀ।

ਅਕਸਰ, ਪਰਮੇਸ਼ੁਰ ਦੇ ਬੱਚੇ ਇਸ ਗੱਲ ਨੂੰ ਅਸਥਿਰ ਮਹਿਸੂਸ ਕਰਦੇ ਹਨ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਅਜ਼ਮਾਇਸ਼ਾਂ ਅਤੇ ਮੁਸ਼ਕਲਾਂ ਨੂੰ ਸਹਿਣ ਦੀ ਇਜਾਜ਼ਤ ਦਿੰਦਾ ਹੈ। ਜ਼ਬੂਰ ਲਿਖਣ ਵਾਲਾ ਇਸ ਗੱਲ ਦੇ ਲਈ ਉਲਝਣ ਦੇ ਵਿਚ ਸੀ ਕਿ ਜੋ ਵਿਅਕਤੀ ਪਰਮੇਸ਼ੁਰ ਦੇ ਉੱਤੇ ਵਿਸ਼ਵਾਸ ਰੱਖਦਾ ਹੈ, ਉਸ ਨੂੰ ਕਈ ਵਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦਕਿ ਅਧਰਮੀ ਲੋਕ ਖੁਸ਼ਹਾਲ ਰਹਿੰਦੇ ਹਨ (ਜ਼ਬੂਰ 73:2-14; ਵੇਖੋ ਅੱਯੂਬ 1:1–3:26)। ਵਚਨ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜੋ ਇਹ ਪਰਗਟ ਕਰਦੀਆਂ ਹਨ ਕਿ ਉਹ ਲੋਕ ਜਿਨ੍ਹਾਂ ਨੇ ਜੀਵਨ ਵਿਚ ਆਤਮਿਕ ਉਚਾਈਆਂ ਦਾ ਅਨੰਦ ਮਾਣਿਆ – ਕਿਉਂਕਿ ਪਰਮੇਸ਼ੁਰ ਨੇ ਨਾਟਕੀ ਤਰੀਕੇ ਦੇ ਨਾਲ ਆਪ ਨੂੰ ਉਨ੍ਹਾਂ ਦੇ ਉੱਤੇ ਪਰਗਟ ਕੀਤਾ ਸੀ, ਉਨ੍ਹਾਂ ਦੇ ਦਾਵਿਆਂ ਦੀ ਪੁਸ਼ਟੀ ਕੀਤੀ, ਜਾਂ ਉਨ੍ਹਾਂ ਨੂੰ ਮਹਾਨ ਖਤਰਿਆਂ ਵਿਚੋਂ ਕੱਢਿਆ – ਉਨ੍ਹਾਂ ਨੇ ਪਰੀਖਿਆ ਅਤੇ ਅਜ਼ਮਾਇਸ਼ਾਂ ਦੇ ਮੁਸ਼ਕਲ ਸਮਿਆਂ ਦਾ ਅਨੁਭਵ ਵੀ ਕੀਤਾ ਸੀ।

ਕੂਚ ਦੀ ਪੁਸਤਕ ਇਸ ਮਿਸਾਲ ਦੀ ਇੱਕ ਆਦਰਸ਼ ਉਦਾਹਰਣ ਮਿਸਰ ਦੀ ਗੁਲਾਮੀ ਵਿਚੋਂ ਇਸਰਾਏਲ ਦੇ ਲੋਕਾਂ ਦੇ ਛੁਡਾਏ ਜਾਣ ਦੇ ਰਿਕਾਰਡ ਵਿਚ ਪੇਸ਼ ਕਰਦੀ ਹੈ। ਜਦੋਂ ਪਰਮੇਸ਼ੁਰ ਦੇ

ਦੁਆਰਾ ਇਸਰਾਏਲ ਕੌਮ ਨੂੰ ਮਿਸਰ ਦੀ ਫੌਜ਼ ਤੋਂ ਬਚਾਇਆ ਗਿਆ ਅਤੇ ਉਸ ਨੂੰ ਲਾਲ ਸਮੁੰਦਰ ਦੇ ਵਿਚੋਂ ਕੱਢ ਲਿਆਇਆ ਗਿਆ ਤਾਂ ਉਸ ਤੋਂ ਤੁਰੰਤ ਬਾਅਦ, ਮੁਕਤੀ ਦੇ ਕੰਮ ਦੇ ਅਨੁਭਵ ਦੀ ਖੁਸ਼ੀ ਨੇ ਉਜਾੜ ਵਿਚ ਪਰੀਖਿਆ ਦੇ ਸਮੇਂ ਦਾ ਰਾਹ ਵਿਖਾਇਆ ਸੀ। ਸਭ ਤੋਂ ਪਹਿਲਾਂ, ਉਨ੍ਹਾਂ ਨੂੰ ਪੀਣ ਦੇ ਲਈ ਸਿਰਫ ਕੌੜਾ ਪਾਣੀ ਹੀ ਮਿਲਿਆ (ਕੂਚ 15:22-27), ਉਸ ਤੋਂ ਬਾਅਦ ਉਨ੍ਹਾਂ ਨੂੰ ਭੁੱਖ ਲੱਗੀ (ਕੂਚ 16:1-36) ਅਤੇ ਆਖਿਰਕਾਰ, ਉਨ੍ਹਾਂ ਦੇ ਲਈ ਪਾਣੀ ਬਿਲਕੁਲ ਵੀ ਨਹੀਂ ਸੀ (ਕੂਚ 17:1-7)। ਹਰ ਵਾਰ ਜਦੋਂ ਇਸਰਾਏਲੀਆਂ ਨੂੰ ਪਰੀਖਿਆ ਦਾ ਸਾਹਮਣਾ ਕਰਨਾ ਪਿਆ, ਤਾਂ ਉਨ੍ਹਾਂ ਨੇ ਇਸ ਗੱਲ ਦੇ ਵਿਸ਼ੇ ਵਿਚ ਵਿਸ਼ਵਾਸ ਦੀ ਕਮੀ ਦਾ ਪ੍ਰਦਰਸ਼ਣ ਕੀਤਾ ਕਿ ਪ੍ਰਭੂ ਉਨ੍ਹਾਂ ਨੂੰ ਮੁਹੱਈਆ ਕਰ ਸਕਦਾ ਸੀ। ਉਨ੍ਹਾਂ ਨੇ ਮੂਸਾ ਦੇ ਵਿਰੁੱਧ ਬੁੜਬੁੜਾ ਕੇ ਜੋ ਪਰਮੇਸ਼ੁਰ ਦਾ ਪ੍ਰਤੀਨਿਧੀ ਸੀ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ (ਵੇਖੋ ਗਿਣਤੀ 14:22)।[24] ਉਨ੍ਹਾਂ ਦੀਆਂ ਯਾਤਰਾਵਾਂ ਦੇ ਵੱਖ ਵੱਖ ਬਿਰਤਾਂਤਾਂ ਵਿਚ ਅਸੀਂ ਵੇਖਦੇ ਹਾਂ ਕਿ ਵਿਸ਼ਵਾਸੀਆਂ ਦੇ ਉੱਤੇ ਕਈ ਤਰੀਕਿਆਂ ਦੇ ਨਾਲ ਪਰੀਖਿਆਵਾਂ ਆਉਂਦੀਆਂ ਹਨ।

*ਉਲਟ ਸਥਿਤੀਆਂ ਦੀ ਪਰੀਖਿਆ।* ਸ਼ਾਇਦ ਪੁਰਖੇ ਨੂੰ ਕਨਾਨ ਵਿਚ ਰਹਿੰਦੇ ਹੋਏ ਬਹੁਤ ਲੰਬਾ ਸਮਾਂ ਨਹੀਂ ਬੀਤਿਆ ਸੀ ਕਿ ਉਸ ਦੇਸ ਵਿਚ ਇੱਕ ਅਕਾਲ ਦੇ ਦੁਆਰਾ ਉਸ ਦੀ ਪਰੀਖਿਆ ਕੀਤੀ ਗਈ। ਇਸ ਅਕਾਲ ਵਿਚ ਆਪਣੇ ਨਾਲ ਯਾਤਰਾ ਕਰਨ ਵਾਲੇ ਸਾਥੀਆਂ ਦੇ ਲਈ ਪਾਣੀ ਦੀ ਕਮੀ, ਦੇ ਨਾਲ ਨਾਲ ਉਸ ਦੀਆਂ ਭੇਡਾਂ ਬੱਕਰੀਆਂ ਅਤੇ ਵੱਗਾਂ ਲਈ ਵੀ ਪਾਣੀ ਦੀ ਕਮੀ ਸੀ। ਲਿਖਤਾਂ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦੀਆਂ ਕਿ ਅਬਰਾਹਾਮ ਨੇ ਊਰ ਜਾਂ ਹਾਰਾਨ ਵਿਚ ਅਜਿਹੀ ਕਿਸੇ ਸਥਿਤੀ ਦਾ ਸਾਹਮਣਾ ਕੀਤਾ ਸੀ; ਪਰ ਹੁਣ ਜਦ ਉਹ ਇੱਕ ਅਜਿਹੇ ਦੇਸ ਵਿਚ ਰਹਿ ਰਿਹਾ ਸੀ ਜੋ ਪਰਮੇਸ਼ੁਰ ਨੇ ਉਸ ਨੂੰ ਨਿਰਦੇਸ਼ਿਤ ਕੀਤਾ ਸੀ, ਤਾਂ ਇੱਕ ਸੰਕਟ ਸਾਹਮਣੇ ਆਇਆ।

ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਅਕਾਲ ਕਿੰਨਾ ਗੰਭੀਰ ਸੀ ਜਾਂ ਇਹ ਕਦੋਂ ਤੱਕ ਚੱਲਿਆ ਸੀ। ਬਾਅਦ ਵਿਚ, ਯਾਕੂਬ ਆਪਣੇ ਪਰਿਵਾਰ ਅਤੇ ਪਸ਼ੂਧਨ ਦੇ ਨਾਲ, ਲਗਭਗ ਦੋ ਸਾਲਾਂ ਤੱਕ ਉਸ ਸਮੱਗਰੀ ਦੇ ਦੁਆਰਾ ਕਨਾਨ ਵਿਚ ਬਚਿਆ ਰਿਹਾ ਇਸ ਤੋਂ ਪਹਿਲਾਂ ਕਿ ਯਾਕੂਬ ਨੇ ਆਪਣੇ ਪੁੱਤਰਾਂ ਨੂੰ ਬਿਨਯਾਮੀਨ ਦੇ ਨਾਲ ਭੇਜਿਆ ਤਾਂ ਕਿ ਸ਼ਿਮਓਨ ਨੂੰ ਕੈਦ ਵਿਚ ਛੁਡਾਇਆ ਜਾ ਸਕੇ (41:56–43:23)। ਜਦੋਂ ਉਹ ਮਿਸਰ ਤੋਂ ਵਾਪਸ ਮੁੜ ਆਏ, ਭਾਵੇਂ ਉਹ ਪਹਿਲਾਂ ਤੋਂ ਹੀ ਇੱਕ ਭਿਆਨਕ ਅਕਾਲ ਦੇ ਨਾਲ ਸਤਾਏ ਗਏ ਸਨ, ਪਰ ਤਾਂ ਵੀ ਉਹ ਆਪਣੇ ਨਾਲ ਗੁਪਤ ਸ਼ਾਸਕ, ਯੂਸੁਫ਼ ਦੇ ਲਈ ਮਹੱਤਵਪੂਰਣ ਉਪਹਾਰ ਲੈ ਜਾਣ ਦੇ ਯੋਗ ਸਨ। ਉਨ੍ਹਾਂ ਨੇ ਉਸ ਨੂੰ ਗੁੱਗਲ, ਸ਼ਹਿਤ, ਗਰਮ ਮਸਾਲਾਹ, ਗੰਧਰਸ, ਪਿਸਤਾ ਅਤੇ ਬਦਾਮ ਦਿੱਤੇ (43:11)। ਇਨ੍ਹਾਂ ਚੀਜ਼ਾਂ ਦੀ ਉਨ੍ਹਾਂ ਦੀ ਸੰਪਤੀ ਇਸ ਗੱਲ ਦਾ ਸੰਕੇਤ ਦਿੰਦੀ ਸੀ ਕਿ ਅਜੇ ਤੱਕ ਵੀ ਕਨਾਨ ਵਿਚ ਕੁਝ ਭੋਜਨ ਬਾਕੀ ਸੀ; ਪਰ, ਰੋਟੀ ਦੇ ਲਈ ਕਣਕ ਦੇ ਬਿਨਾਂ, ਜ਼ਾਹਿਰ ਤੌਰ ਤੇ ਯਾਕੂਬ ਇਹ ਜਾਣਦਾ ਸੀ ਕਿ ਅਜਿਹਾ ਭੋਜਨ ਜੀਉਂਦੇ ਰਹਿਣ ਦੇ ਲਈ ਯੋਗ ਨਹੀਂ ਸੀ। ਉਸ ਅਕਾਲ ਦੀ ਤੁਲਨਾ ਅਬਰਾਹਾਮ ਦੀ ਸਥਿਤੀ ਦੇ ਨਾਲ ਕਿਵੇਂ ਕੀਤੀ ਜਾਵੇ? ਇਹ ਸਾਨੂੰ ਨਹੀਂ ਦੱਸਿਆ ਗਿਆ ਹੈ।

ਕਨਾਨ ਦੇਸ ਵਿਚ ਪਹੁੰਚਣ ਦੇ ਸਮੇਂ, ਅਬਰਾਹਾਮ ਨੇ ਆਪਣੇ ਲੋਕਾਂ ਦੇ ਲਈ ਭੋਜਨ ਅਤੇ ਪਾਣੀ ਅਤੇ ਆਪਣੀਆਂ ਭੇਡਾਂ ਬੱਕਰੀਆਂ ਅਤੇ ਵੱਗਾਂ ਦੇ ਲਈ ਘਾਹ ਪ੍ਰਾਪਤ ਕੀਤਾ ਸੀ – ਪਰ ਹੁਣ ਉਨ੍ਹਾਂ ਨੂੰ ਆਪਣੀਆਂ ਜਾਨਾਂ ਬਚਾਉਣ ਦੇ ਲਈ ਇਹ ਜ਼ਰੂਰੀ ਚੀਜ਼ਾਂ ਕਿੱਥੋਂ ਮਿਲੀਆਂ ਸਨ? ਨਿਸ਼ਚਤ ਤੌਰ ਤੇ, ਜੇਕਰ ਅਕਾਲ ਵਿਆਪਕ ਸੀ ਅਤੇ ਲੰਬੇ ਸਮੇਂ ਤੱਕ ਚੱਲਣ ਵਾਲਾ ਸੀ, ਤਾਂ ਅਜਿਹੇ ਸੰਕਟ ਨੇ ਉਸ ਦੇ ਧਨ, ਜੀਵਿਕਾ ਅਤੇ ਭਵਿੱਖ ਦੇ ਲਈ ਖਤਰਾ ਪੈਦਾ ਕੀਤਾ ਹੋਵੇਗਾ।

ਉਸ ਨੇ ਕੀ ਕੀਤਾ ਸੀ? ਸਾਨੂੰ ਕੋਈ ਸੰਕੇਤ ਨਹੀਂ ਮਿਲਦਾ ਕਿ ਉਨ੍ਹਾਂ ਨੇ ਇਸ ਮਾਮਲੇ ਨੂੰ ਪਰਮੇਸ਼ੁਰ ਦੇ ਸਾਹਮਣੇ ਰੱਖਿਆ ਅਤੇ ਉਸ ਦੀ ਅਗਵਾਈ ਦੀ ਮੰਗ ਕੀਤੀ ਸੀ, ਜਾਂ ਇਹ ਕਿ ਉਸ ਨੇ ਉਸ ਨੇ ਉਸ ਦੇ ਲਈ ਪ੍ਰਾਰਥਨਾ ਕੀਤੀ ਕਿ ਉਹ ਸੋਕਾ ਖਤਮ ਕਰ ਦੇਵੇ ਅਤੇ ਮੀਂਹ ਭੇਜ ਦੇਵੇ। ਸ਼ਾਇਦ ਅਬਰਾਹਾਮ ਇੱਕ ਅਜਿਹਾ ਵਿਅਕਤੀ ਸੀ ਜੋ ਇਸ ਸਿਧਾਂਤ ਤੇ ਚੱਲਦਾ ਸੀ ਕਿ "ਪ੍ਰਭੂ ਉਨ੍ਹਾਂ ਦੀ ਮਦਦ ਕਰਦਾ ਹੈ ਜੋ ਆਪਣੀ ਮਦਦ ਆਪ ਕਰਦੇ ਹਨ"[25]; ਉਸ ਨੇ ਇਸ ਨੂੰ ਸਭ ਤੋਂ ਤਰਕਸੰਗਤ ਚੋਣ ਬਣਾਉਣ ਦੇ ਲਈ ਆਪਣੇ ਆਪ ਤੇ ਲਾਗੂ ਕਰ ਲਿਆ ਸੀ: ਵਾਇਦਾ ਕੀਤੇ ਹੋਏ ਦੇਸ ਨੂੰ ਛੱਡ ਕੇ ਮਿਸਰ ਵਿਚ ਰਹਿਣਾ। ਹਾਲਾਂਕਿ, ਉਸ ਦਾ ਫੈਸਲਾ ਮਨ ਵਿਚ ਇੱਕ ਵਿਚਾਰ ਨੂੰ ਲੈ ਕੇ ਆਉਂਦਾ ਹੈ ਜੋ ਬੁੱਧੀਮਾਨ ਮਨੁੱਖ ਨੇ ਬਹੁਤ ਸਾਲ ਬਾਅਦ ਵਿਚ ਬਣਾਉਣਾ ਸੀ: "ਅਜਿਹਾ ਰਾਹ ਵੀ ਹੈ ਜੋ ਮਨੁੱਖ ਨੂੰ ਸਿੱਧਾ ਜਾਪਦਾ ਹੈ, ਪਰ ਉਹ ਦੇ ਅੰਤ ਵਿੱਚ ਮੌਤ ਦੇ ਰਾਹ ਹਨ" (ਕਹਾਉਤਾਂ 14:12)। ਹਾਲਾਂਕਿ ਅਬਰਾਹਾਮ ਦਾ ਕਨਾਨ ਨੂੰ ਛੱਡ ਕੇ ਮਿਸਰ ਵਿਚ ਜਾਣ ਦਾ ਉਸ ਦਾ ਫੈਸਲਾ ਉਸ ਦੇ ਉੱਤੇ ਜਾਂ ਉਸ ਦੇ ਨਾਲ ਕਿਸੇ ਵੀ ਵਿਅਕਤੀ ਦੇ ਉੱਤੇ ਮੌਤ ਨੂੰ ਨਹੀਂ ਲਿਆਇਆ ਸੀ, ਪਰ ਜੇਕਰ ਪਰਮੇਸ਼ੁਰ ਨੇ ਦਖਲਅੰਦਾਜ਼ੀ ਨਾ ਕੀਤੀ ਹੁੰਦੀ ਤਾਂ ਅਸਾਨੀ ਦੇ ਨਾਲ ਅਜਿਹਾ ਹੋ ਜਾਣਾ ਸੀ (ਵੇਖੋ 12:17)।

ਇਹ ਕੁਦਰਤੀ ਸਵਾਲ ਬਣਿਆ ਰਹਿੰਦਾ ਹੈ: ਪਰਮੇਸ਼ੁਰ ਆਪਣੇ ਲੋਕਾਂ ਦੇ ਉੱਤੇ ਅਜਮਾਇਸ਼ਾਂ ਕਿਉਂ ਆਉਣ ਦਿੰਦਾ ਹੈ? ਪਤਰਸ ਰਸੂਲ ਨੇ ਕਿਹਾ ਕਿ ਉਹ ਅੱਗ ਜੋ ਸਾਡੇ ਵਿਸ਼ਵਾਸ ਨੂੰ ਪਰਖਦੀ ਹੈ ਉਹ ਭੱਠੀ ਵਿਚਲੀਆਂ ਉਨ੍ਹਾਂ ਲਾਟਾਂ ਦੇ ਸਮਾਨ ਹੈ ਜੋ ਸੋਨੇ ਵਿਚੋਂ ਅਸ਼ੁੱਧੀਆਂ ਨੂੰ ਵੱਖਰਾ ਕਰਦੀਆਂ ਹਨ (1 ਪਤਰਸ 1:7)। ਅਜਮਾਇਸ਼ਾਂ ਨੂੰ ਲਾਗੂ ਕਰਨ ਵਿਚ ਪਰਮੇਸ਼ੁਰ ਦਾ ਮਕਸਦ ਨਾ ਸਿਰਫ ਸਾਡੀ ਨਿਹਚਾ ਨੂੰ ਪ੍ਰਮਾਣਿਤ ਕਰਨਾ ਸੀ, ਪਰ ਇਸ ਨੂੰ ਸ਼ੁੱਧ ਕਰਨਾ ਅਤੇ ਇਸ ਵਿਚੋਂ (ਅਵਿਸ਼ਵਾਸ) ਨੂੰ ਨਾਸ ਕਰਨਾ ਹੈ। ਇੱਕ ਵਾਰ ਇੱਕ ਆਦਮੀ ਨੇ ਯਿਸੂ ਨੂੰ ਕਿਹਾ ਸੀ, "ਮੈਂ ਪਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇ ਪਰਤੀਤੀ ਦਾ ਉਪਾਉ ਕਰੋ" (ਮਰਕੁਸ 9:24)! ਕੁਝ ਲੋਕਾਂ ਦੇ ਵਿਚਾਰਾਂ ਦੇ ਉਲਟ, ਅਵਿਸ਼ਵਾਸ ਵਿਸ਼ਵਾਸ ਵਾਲੇ ਦਿਲਾਂ ਵਿਚ ਹੁੰਦਾ ਹੈ ਅਤੇ ਹੋ ਸਕਦਾ ਹੈ। ਇਬਰਾਨੀਆਂ ਦਾ ਲੇਖਕ ਕਹਿੰਦਾ ਹੈ, "ਨਿਹਚਾ ਨਾਲ ਓਹ [ਇਸਰਾਏਲੀ] ਲਾਲ ਸਮੁੰਦਰ ਦੇ ਵਿੱਚ ਦੀ . . . ਪਾਰ ਲੰਘ ਗਏ" (ਇਬਰਾਨੀਆਂ 11:29); ਭਾਵੇਂ ਉਨ੍ਹਾਂ ਦਾ ਅਵਿਸ਼ਵਾਸ ਜੰਗਲ ਦੇ ਵਿਚ ਪਰਗਟ ਕੀਤਾ ਗਿਆ ਸੀ! ਪਰਮੇਸ਼ੁਰ ਵਿਚ ਵਿਸ਼ਵਾਸ ਦੀ ਕਮੀ ਉਨ੍ਹਾਂ ਦੇ ਦਿਲਾਂ ਵਿਚ ਕਨਾਨ ਦੀ ਸਰਹੱਦ ਤੱਕ ਕਾਇਮ ਰਹੀ (ਗਿਣਤੀ 14:11)। ਇਸੇ ਤਰ੍ਹਾਂ, ਯਿਸੂ ਦੇ ਚੇਲਿਆਂ ਨੇ ਉਸ ਦੇ ਉੱਤੇ ਵਿਸ਼ਵਾਸ ਕੀਤਾ ਅਤੇ ਉਸ ਦੇ ਪਿੱਛੇ ਚੱਲਣ ਦੇ ਲਈ ਆਪਣੇ ਜਾਲਾਂ ਅਤੇ ਕਾਰੋਬਾਰਾਂ ਨੂੰ ਛੱਡ ਦਿੱਤਾ; ਤਾਂ ਵੀ ਅਵਿਸ਼ਵਾਸ ਦੇ ਖੇਤਰ ਵੀ ਉਨ੍ਹਾਂ ਦੇ ਦਿਲਾਂ ਵਿਚ ਮੌਜੂਦ ਸਨ। ਇਹ ਗਲਤਫਹਿਮੀ ਉਸ ਸਮੇਂ ਸਾਹਮਣੇ ਆਈ ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਦੇ ਕਾਰਣ ਪਤਰਸ ਨੇ ਉਸ ਦਾ ਇਨਕਾਰ ਕੀਤਾ ਅਤੇ ਦੂਸਰੇ ਰਾਤ ਦੇ ਸਮੇਂ ਭੱਜ ਗਏ (ਮੱਤੀ 26:56; ਮਰਕੁਸ 14:66-72)।

ਵਿਸ਼ਵਾਸ ਦਾ ਵਿਕਾਸ ਸਰੀਰ ਦੀਆਂ ਮਾਂਸਪੇਸ਼ੀਆਂ ਦੇ ਵਿਕਾਸ ਦੇ ਵਾਂਗ ਹੈ। ਮਾਸਪੇਸ਼ੀਆਂ ਦੇ ਵੱਧਣ ਦਾ ਇਕਮਾਤਰ ਤਰੀਕਾ ਜਿਸ ਦੇ ਨਾਲ ਮਾਸਪੇਸ਼ੀਆਂ ਦਾ ਵਿਕਾਸ ਹੋ ਸਕਦਾ ਹੈ ਕਿ ਕਸਰਤ ਵਿਚ ਕੋਈ ਭਾਰਾ ਜਾਂ ਮੁਸ਼ਕਲ ਕੰਮ ਕਰਨਾ ਅਤੇ ਆਤਮਿਕ ਮਾਸਪੇਸ਼ੀਆਂ ਦੇ ਵਿਕਾਸ ਦਾ ਇਕਮਾਤਰ ਤਰੀਕਾ ਹੈ ਜੀਵਨ ਵਿਚ ਕਠੋਰ ਪਰਿਸਥਿਤੀਆਂ ਦੇ ਵਿਚੋਂ ਹੋ ਕੇ ਲੰਘਣਾ। ਕੁਝ ਲੋਕਾਂ ਦੇ ਦ੍ਰਿੜ੍ਹ ਵਿਸ਼ਵਾਸ ਦਾ ਵਿਕਾਸ ਇੱਕ ਛੋਟੇ ਜਿਹੇ ਸਮੇਂ ਦੇ ਦੌਰਾਨ ਹੋ ਜਾਂਦਾ ਹੈ, ਸਾਡੇ ਵਿਚੋਂ ਜ਼ਿਆਦਾਤਰ ਲੋਕਾਂ ਨੂੰ, ਅਬਰਾਹਾਮ ਦੇ ਵਾਂਗ, ਅਜਿਹੇ ਮਜ਼ਬੂਤ ਵਿਸ਼ਵਾਸ ਵਿਚ ਉੱਨਤ ਹੋਣ ਦੇ ਲਈ ਜੋ "ਦੁਸ਼ਟ ਦੇ ਸਾਰੇ ਅਗਣ ਬਾਣਾਂ" ਦੇ ਵਿਰੁੱਧ ਢਾਲ ਦੀ ਤਰ੍ਹਾਂ ਸਾਡੀ ਰਾਖੀ ਕਰੇ ਬਹੁਤ

ਸਾਰੇ ਸੰਘਰਸ਼ਾਂ ਵਿਚੋਂ ਲੰਘਦੇ ਹੋਏ ਕਈਆਂ ਸਾਲਾਂ ਦਾ ਸਮਾਂ ਲੱਗ ਜਾਂਦਾ ਹੈ (ਅਫ਼ਸੀਆਂ 6:16)।

*ਆਪਣੇ ਆਪ ਨੂੰ ਬਚਾਉਣ ਲਈ ਝੂਠ ਬੋਲਣ ਦੀ ਪਰਖ।* ਅਕਾਲ ਦੀ ਸਮੱਸਿਆ ਤੋਂ ਬਚਣ ਦੇ ਲਈ ਪੁਰਖੇ ਨੇ ਕਨਾਨ ਨੂੰ ਛੱਡ ਦਿੱਤਾ ਸੀ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਕਿੰਨਾ ਭਿਆਨਕ ਸੀ ਜਾਂ ਕਿੰਨੀ ਦੇਰ ਤੱਕ ਚੱਲਿਆ ਸੀ, ਪਰ ਇੱਕ ਅਰਥ ਵਿਚ, ਇਹ ਇੱਕ ਸਮੱਸਿਆ ਤੋਂ ਇੱਕ ਉਸ ਤੋਂ ਵੀ ਬੁਰੀ ਸਮੱਸਿਆ ਦੇ ਵੱਲ ਭੱਜਣਾ ਸੀ। ਜਦੋਂ ਵੀ ਕੋਈ ਵਿਅਕਤੀ ਇੱਕ ਪਰੀਖਿਆ ਤੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਕਿ ਉਸ ਨੂੰ ਉਸ ਦਾ ਸਾਹਮਣਾ ਨਾ ਕਰਨਾ ਪਵੇ, ਤਾਂ ਇਹ ਹੋਰਨਾਂ ਪਰੀਖਿਆਵਾਂ ਦੇ ਵਾਪਰਣ ਦੇ ਲਈ ਇੱਕ ਰਾਹ ਹੁੰਦਾ ਹੈ। ਕਿਉਂਕਿ ਇਸ ਗੱਲ ਦਾ ਕੋਈ ਉਲੇਖ ਨਹੀਂ ਕੀਤਾ ਗਿਆ ਹੈ ਕਿ ਅਬਰਾਹਾਮ ਨੇ ਇਸ ਸਮੱਸਿਆ ਨੂੰ ਪ੍ਰਭੂ ਦੇ ਸਾਹਮਣੇ ਰੱਖਿਆ ਸੀ, ਇਸ ਲਈ ਸ਼ਾਇਦ ਉਸ ਨੇ ਉਨ੍ਹਾਂ ਯਾਤਰੀਆਂ ਦੀ ਸਲਾਹ ਲਈ ਹੋਵੇਗੀ ਜਿਨ੍ਹਾਂ ਨੇ ਉਸ ਨੂੰ ਦੱਸਿਆ ਸੀ ਕਿ ਮਿਸਰ ਵਿਚ ਭਰਪੂਰ ਮਾਤਰਾ ਵਿਚ ਭੋਜਨ ਹੈ। ਮਿਸਰ ਦੇ ਨੇੜੇ ਢੁੱਕਦਿਆਂ ਹੀ, ਡਰ ਨੇ ਉਸ ਨੂੰ ਆ ਦਬਾਇਆ; ਕਿਉਂਕਿ ਉਸ ਨੇ ਇਹ ਵੀ ਸੁਣਿਆ ਹੋਇਆ ਸੀ ਕਿ ਮਿਸਰੀ ਲੋਕ ਦੂਰ ਦੇਸ ਤੋਂ ਆਏ ਪਰਦੇਸੀਆਂ ਦਾ ਫਾਇਦਾ ਚੁੱਕਦੇ ਸਨ, ਜੋ ਉਨ੍ਹਾਂ ਨੂੰ ਮਾਰ ਕੇ ਉਨ੍ਹਾਂ ਦੀਆਂ ਪਤਨੀਆਂ ਨੂੰ ਲੈ ਲੈਂਦੇ ਸਨ। ਇਸੇ ਲਈ ਅਬਰਾਹਾਮ ਨੇ ਇਹ ਫੈਸਲਾ ਕੀਤਾ ਕਿ ਉਹ ਮਿਸਰੀਆਂ ਦੇ ਸਾਹਮਣੇ ਸਾਰਾਹ ਦੀ ਪਹਿਚਾਣ ਆਪਣੀ ਭੈਣ ਦੇ ਰੂਪ ਵਿਚ ਕਰੇਗਾ। ਜਦਕਿ ਇਹ ਅੱਧੀ-ਸਚਿਆਈ ਸੀ (ਵੇਖੋ 20:1, 2, 12, 18), ਇਹ ਇੱਕ ਜਾਣ ਬੁੱਝ ਕੇ ਕੀਤਾ ਗਿਆ ਧੋਖਾ ਅਤੇ ਇੱਕ ਘ੍ਰਿਣਾਯੋਗ ਚਾਲ ਸੀ ਜੋ ਇਸਹਾਕ ਦੇ ਜਨਮ ਨੂੰ ਰੋਕ ਸਕਦੀ ਸੀ, ਜੋ ਪਰਮੇਸ਼ੁਰ ਦੇ ਵਾਇਦੇ ਦੀ ਸੰਤਾਨ ਸੀ। ਇਸ ਤੋਂ ਇਲਾਵਾ, ਇਸ ਨੇ ਪੁਰਖੇ ਦੇ ਸਵੈ-ਕੇਂਦ੍ਰਿਤ ਰਵੱਈਏ ਨੂੰ ਪਰਗਟ ਕੀਤਾ। ਆਪਣੀ ਪਤਨੀ ਨੂੰ ਹਰ ਇੱਕ ਕੀਮਤ ਤੇ ਪਿਆਰ ਕਰਨਾ, ਉਸ ਦੀ ਪਾਲਣਾ ਕਰਨਾ ਅਤੇ ਉਸ ਦੀ ਰੱਖਿਆ ਕਰਨਾ (ਵੇਖੋ ਅਫ਼ਸੀਆਂ 5:25-29), ਅਬਰਾਹਾਮ ਨੇ ਆਪਣੀ ਪ੍ਰਮੁੱਖ ਚਿੰਤਾ ਪਰਗਟ: ". . . ਤਾਂ ਜੋ ਤੇਰੇ ਕਾਰਨ ਮੇਰਾ ਭਲਾ ਹੋਵੇ ਅਤੇ ਓਹ ਮੇਰੀ ਜਾਨ ਤੇਰੇ ਕਾਰਨ ਬਚ ਰਹੇ [ਭਾਵੇਂ ਤੇਰੇ ਨਾਲ ਜੋ ਮਰਜ਼ੀ ਹੁੰਦਾ ਰਹੇ]" (12:13)।

ਕਿਉਂਕਿ ਸਾਰਾਹ ਦਾ ਪਿਤਾ ਜ਼ਿੰਦਾ ਨਹੀਂ ਸੀ ਅਤੇ ਅਬਰਾਹਾਮ ਨੇ ਉਸ ਦਾ ਭਰਾ ਹੋਣ ਦਾ ਦਾਅਵਾ ਕੀਤਾ ਸੀ, ਪੁਰਾਤਨ ਜਗਤ ਦਾ ਇਹ ਰਿਵਾਜ਼ ਸੀ ਕਿ ਜੋ ਵੀ ਉਸ ਨੂੰ ਆਪਣੀ ਪਤਨੀ ਹੋਣ ਦੇ ਲਈ ਲਵੇਗਾ ਉਹ ਉਸ ਦੇ ਪੁਰਖੇ ਨੂੰ ਪਤਨੀ ਦਾ ਮੁੱਲ ਭਰ ਦੇਵੇਗਾ। ਇਹ ਅਬਰਾਹਾਮ ਦੇ ਆਪ-ਸੁਆਰਥੀ ਸੁਭਾਅ ਦਾ ਇੱਕ ਹੋਰ ਝੁਕਾਅ ਸੀ: ਪਹਿਲਾਂ, ਅਬਰਾਹਾਮ ਦਾ ਜੀਵਨ ਬਚ ਗਿਆ; ਦੂਸਰਾ, ਉਹ ਲੈਣ-ਦੇਣ ਵਿਚ ਧਨੀ ਹੋਵੇਗਾ। ਦਰਅਸਲ, ਇਸੇ ਤਰ੍ਹਾਂ ਹੀ ਹੋਇਆ ਸੀ ਜਦੋਂ ਫ਼ਿਰਾਊਨ ਉਸ ਨੂੰ ਆਪਣੇ ਜਨਾਨਖਾਨੇ ਵਿਚ ਲੈ ਗਿਆ ਸੀ: ਉਸ ਨੇ ਕੁਲਪਿਤਾ ਨੂੰ ਭੇਡਾਂ, ਬੈਲ, ਗਧੇ, ਊਠ ਅਤੇ ਦਾਸ ਅਦਾ ਕੀਤੇ (12:16)।

ਜਦੋਂ ਫ਼ਿਰਾਊਨ ਦੇ ਘਰਾਣੇ ਦੇ ਲੋਕਾਂ ਦੇ ਉੱਤੇ ਬਵਾਂ ਪਈਆਂ ਅਤੇ ਉਹ ਸਮਝ ਗਿਆ ਕਿ ਉਸ ਨੂੰ ਧੋਖਾ ਦਿੱਤਾ ਗਿਆ ਹੈ, ਤਾਂ ਉਸ ਨੇ ਅਬਰਾਹਾਮ ਨੂੰ ਉਸ ਦੀ ਬੇਈਮਾਨੀ ਦੇ ਲਈ ਝਿੜਕਿਆ ਅਤੇ ਉਸ ਨੂੰ ਮਿਸਰ ਵਿਚੋਂ ਬਾਹਰ ਕੱਢ ਦਿੱਤਾ। ਅਬਰਾਹਾਮ ਦੇ ਘਮੰਡ ਨੂੰ ਇੱਕ ਭਾਰਾ ਝਟਕਾ ਲੱਗਾ ਹੋਵੇਗਾ ਜਦੋਂ ਉਸ ਨੂੰ ਇੱਕ ਸੁਆਰਥੀ ਧੋਖੇਬਾਜ਼ ਦੇ ਰੂਪ ਵਿਚ ਉਜਾਗਰ ਕੀਤਾ ਗਿਆ ਸੀ ਅਤੇ ਇੱਕ ਮੂਰਤੀਪੂਜਕ ਰਾਜੇ ਦੇ ਰੂਪ ਵਿਚ ਝੂਠਲਾਇਆ। ਇਹ ਇੱਕ ਦਰਦਨਾਕ ਘਟਨਾ ਸੀ, ਪਰ ਸਪੱਸ਼ਟ ਰੂਪ ਵਿਚ ਬਹੁਤ ਜ਼ਰੂਰੀ ਸੀ ਕਿ ਇਹ ਭਵਿੱਖ ਦੇ ਵਿਸ਼ਵਾਸੀਆਂ ਦੇ ਪਿਤਾ ਨੂੰ ਸਿਖਾਇਆ ਜਾਵੇ ਕਿ ਆਪਣੀਆਂ ਯੋਜਨਾਵਾਂ ਤੇ ਭਰੋਸਾ ਰੱਖਣ ਦੀ ਬਜਾਇ ਪਰਮੇਸ਼ੁਰ ਦੇ ਉੱਤੇ ਭਰੋਸਾ ਰੱਖੇ।

ਇਸ ਤਰ੍ਹਾਂ ਦੀਆਂ ਕਹਾਣੀਆਂ ਅਕਸਰ ਵਿਸ਼ਵਾਸੀ ਲੋਕਾਂ ਦੇ ਲਈ ਇੱਕ ਸ਼ਰਮਿੰਦਗੀ

ਹੁੰਦੀਆਂ ਹਨ। ਅਸੀਂ ਨਾਇਕਾਂ ਨੂੰ ਇੱਕ ਉੱਚੀ ਕੁਰਸੀ ਤੇ ਰੱਖ ਦਿੰਦੇ ਹਾਂ, ਜਿਵੇਂ ਉਹ ਆਪਣੇ ਚਮਕਦਾਰ ਬਸਤਰ ਵਿਚ ਕਿਸੇ ਵੀ ਰੂਹਾਨੀ ਦਰਾੜ ਤੋਂ ਰਹਿਤ ਸੂਰਬੀਰ ਹੋਣ। ਪਰ, ਪਵਿੱਤਰ ਬਾਈਬਲ ਉਨ੍ਹਾਂ ਲੋਕਾਂ ਦੇ ਪ੍ਰਤਿ ਸਪੱਸ਼ਟਵਾਦੀ ਹੈ ਜਿਨ੍ਹਾਂ ਨੂੰ ਉਸ ਦੇ ਦਾਸ ਹੋਣ ਦੇ ਲਈ ਬੁਲਾਇਆ ਗਿਆ ਹੈ। ਇਹ ਉਨ੍ਹਾਂ ਦੀਆਂ ਅਸਫਲਤਾਵਾਂ ਤੇ ਕਦੀ ਵੀ ਪਰਦਾ ਨਹੀਂ ਪਾਉਂਦੀ ਹੈ। ਅਸੀਂ ਮੂਸਾ (ਗਿਣਤੀ 20:1-13), ਦਾਊਦ (2 ਸਮੂਏਲ 11:1–12:14), ਸੁਲੇਮਾਨ (1 ਰਾਜਿਆਂ 11:1-43) ਅਤੇ ਰਸੂਲਾਂ ਦੀਆਂ ਕਮਜ਼ੋਰੀਆਂ ਨੂੰ ਪੜ੍ਹਦੇ ਹਾਂ। ਇਹ ਤੱਥ ਕਿ ਪਵਿੱਤਰ ਬਾਈਬਲ ਪਾਤਰਾਂ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੋਵਾਂ ਨੂੰ ਰਿਕਾਰਡ ਕਰਦਾ ਹੈ, ਅਸਲ ਵਿਚ ਆਪਣੇ ਖਾਤੇ ਵਿਚ ਭਰੋਸੇਮੰਦ ਹੈ। ਪਰਮੇਸ਼ੁਰ ਦਾ ਵਚਨ ਮਨੁੱਖ ਦੇ ਵਿਸ਼ੇ ਵਿਚ ਇੱਕ ਪੱਖੀ ਦ੍ਰਿਸ਼ਟੀਕੋਣ ਨਹੀਂ ਦਿੰਦਾ ਜੋ ਉਸ ਦੇ ਪਾਪਾਂ ਜਾਂ ਕਮੀਆਂ ਨੂੰ ਘੱਟ ਕਰਦਾ ਜਾਂ ਸਮਾਪਤ ਕਰਦਾ ਹੈ।

ਇਸ ਤੋਂ ਇਲਾਵਾ, ਵਚਨ ਦੇ ਦੁਆਰਾ ਹਰ ਪੀੜ੍ਹੀ ਦੇ ਵਿਸ਼ਵਾਸੀ ਲੋਕਾਂ ਨੂੰ ਚੇਤਾਵਨੀਆਂ ਦੇਣ ਦੇ ਲਈ ਬਾਈਬਲ ਦੇ ਪਾਤਰਾਂ ਦੇ ਪਾਪਾਂ ਦੀ ਇੱਕ ਵਿਸ਼ਵਾਸਯੋਗ ਤਸਵੀਰ ਪ੍ਰਸਤੁਤ ਕੀਤੀ ਗਈ ਹੈ। ਪਰਮੇਸ਼ੁਰ ਦੇ ਲੋਕ ਕਈ ਵਾਰ ਹੱਦੋਂ ਵੱਧ ਆਤਮ-ਵਿਸ਼ਵਾਸ ਰੱਖਦੇ ਅਤੇ ਸੋਚਦੇ ਹਨ ਕਿ ਉਹ ਬਹੁਤ ਹੀ ਜ਼ਿਆਦਾ ਮਜ਼ਬੂਤ ਜਾਂ ਬਹੁਤ ਹੀ ਜ਼ਿਆਦਾ ਆਤਮਿਕ ਹਨ ਕਿ ਉਹ ਪਰੀਖਿਆ ਵਿਚ ਡਿੱਗ ਨਹੀਂ ਸਕਦੇ ਨਾ ਹੀ ਗੰਭੀਰ ਪਾਪ ਦੇ ਗੁਲਾਮ ਹੋ ਸਕਦੇ ਹਨ। ਮੱਤੀ 26 ਅਧਿਆਇ ਵਿਚ, ਜਦੋਂ ਚੇਲਿਆਂ ਨੇ ਯਿਸੂ ਨੂੰ ਇਹ ਕਹਿੰਦੇ ਹੋਏ ਸੁਣਿਆ, ". . . ਤੁਹਾਡੇ ਵਿੱਚੋਂ ਇੱਕ ਮੈਨੂੰ ਫੜਵਾਏਗਾ," ਤਾਂ ਉਨ੍ਹਾਂ ਸਾਰਿਆਂ ਨੇ ਇਸ ਗੱਲ ਦਾ ਇਨਕਾਰ ਕਰ ਦਿੱਤਾ ਕਿ ਉਹ ਅਜਿਹਾ ਪਾਪ ਨਹੀਂ ਕਰ ਸਕਦੇ ਹਨ (ਮੱਤੀ 26:21, 22)। ਪਤਰਸ, ਜੋ ਪ੍ਰਮੁੱਖ ਰਸੂਲਾਂ ਵਿਚੋਂ ਇੱਕ ਸੀ, ਉਸ ਨੇ ਪ੍ਰਭੂ ਦੇ ਸਾਹਮਣੇ ਇਸ ਗੱਲ ਦੀ ਘੋਸ਼ਣਾ ਕੀਤੀ, "ਭਾਵੇਂ ਤੇਰੇ ਕਾਰਨ ਸੱਭੇ ਠੋਕਰ ਖਾਣ ਪਰ ਮੈਂ ਠੋਕਰ ਕਦੇ ਨਹੀਂ ਖਾਵਾਂਗਾ"; ਪਰ ਯਿਸੂ ਦੇ ਉੱਤਰ ਦਿੱਤਾ, ". . . ਕੁੱਕੜ ਦੇ ਬਾਂਗ ਦੇਣ ਤੋਂ ਅੱਗੇ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ" (ਮੱਤੀ 26:33, 34)। ਆਖਿਰਕਾਰ, "ਪਤਰਸ ਨੇ ਉਸ ਨੂੰ ਕਿਹਾ, 'ਭਾਵੇਂ ਤੇਰੇ ਨਾਲ ਮੈਨੂੰ ਮਰਨਾ ਭੀ ਪਵੇ ਤਾਂ ਵੀ ਮੈਂ ਤੇਰਾ ਇਨਕਾਰ ਕਦੀ ਨਾ ਕਰਾਂਗਾ।'" ਇਸ ਗੱਲ ਨੂੰ ਅਕਸਰ ਅਣਦੇਖਾ ਕੀਤਾ ਜਾਂਦਾ ਹੈ ਕਿ "ਸਾਰੇ ਚੇਲੇ ਇਸੇ ਤਰਾਂ ਆਖਣ ਲੱਗੇ" (ਮੱਤੀ 26:35)। ਤਿੰਨਾਂ ਸਾਲਾਂ ਤੱਕ ਯਿਸੂ ਦੇ ਨਾਲ ਰਹਿਣ ਵਾਲੇ ਚੇਲਿਆਂ ਦੀ ਅਸਫਲਤਾ ਦੀ ਇਸ ਦੁੱਖ ਭਰੀ ਕਹਾਣੀ ਨੂੰ ਸੰਬੋਧਤ ਕਰਨ ਦਾ ਮੁੱਦਾ ਇਹ ਹੈ ਕਿ ਪਰਮੇਸ਼ੁਰ ਦੇ ਲੋਕਾਂ ਨੂੰ ਕਦੀ ਵੀ ਪਰਖ ਦੀ ਸ਼ਕਤੀ ਨੂੰ ਘੱਟ ਨਹੀਂ ਸਮਝਣਾ ਚਾਹੀਦਾ ਹੈ। ਕੋਈ ਵੀ ਇਸ ਦੇ ਪੰਜੇ ਤੋਂ ਮੁਕਤ ਨਹੀਂ ਹੈ।

ਪੌਲੁਸ ਨੇ ਇਸੇ ਤਰ੍ਹਾਂ ਦੀ ਚੇਤਾਵਨੀ ਕੁਰਿੰਥੀਆਂ ਦੇ ਭਰਾਵਾਂ ਨੂੰ ਦਿੱਤੀ ਸੀ, ਜੋ ਸ਼ਾਇਦ ਇਹ ਸੋਚਦੇ ਸਨ ਕਿ ਉਹ ਪਰੀਖਿਆ ਵਿਚ ਨਹੀਂ ਪੈ ਸਕਦੇ ਹਨ ਕਿਉਂਕਿ ਉਹ ਆਪਣੇ ਆਤਮਿਕ ਦਾਨਾਂ ਦਾ ਅਨੰਦ ਉਠਾ ਰਹੇ ਸਨ। ਇਸ ਤੋਂ ਇਲਾਵਾ, ਰਸੂਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਉਹ "ਆਤਮਿਕ ਵਿਅਕਤੀ" ਹੋਣ ਤੋਂ ਬਹੁਤ ਹੀ ਦੂਰ ਸਨ। ਉਹ "ਸਰੀਰਕ ਵਿਅਕਤੀ" ਸਨ ਯਾਨੀ "ਮਸੀਹ ਵਿਚ ਨਿਆਣੇ" (1 ਕੁਰਿੰਥੀਆਂ 3:1)। ਉਨ੍ਹਾਂ ਦੇ ਰੂਹਾਨੀ ਨਿਆਣਪੁਣੇ ਦਾ ਸਬੂਤ ਉਨ੍ਹਾਂ ਦੇ ਵਿਚਕਾਰ ਹੋਣ ਵਾਲੀ "ਜਲਣ ਅਤੇ ਝਗੜੇ" ਸਨ (1 ਕੁਰਿੰਥੀਆਂ 3:2, 3)। ਉਹ ". . . ਇੱਕ ਦਾ ਪੱਖ ਕਰ ਕੇ ਦੂਏ ਦੇ ਵਿਰੁੱਧ ਫੁੱਲ" (1 ਕੁਰਿੰਥੀਆਂ 4:6)।

ਰਸੂਲ ਨੇ ਪਰਮੇਸ਼ੁਰ ਦੇ ਬੱਚਿਆਂ ਨੂੰ ਇਹ ਯਾਦ ਕਰਨ ਦੇ ਲਈ ਕਿਹਾ ਕਿ ਉਨ੍ਹਾਂ ਦੇ ਆਤਮਿਕ ਪਿਤਾਵਾਂ ਦੇ ਨਾਲ ਕੀ ਹੋਇਆ ਸੀ, ਜੋ "ਓਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ ਅਤੇ ਸਭਨਾਂ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ" (1 ਕੁਰਿੰਥੀਆਂ 10:1, 2)। ਉਸ ਨੇ ਕਿਹਾ ਕਿ ਉਨ੍ਹਾਂ "ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ।

ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਉਨ੍ਹਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ" (1 ਕੁਰਿੰਥੀਆਂ 10:3, 4)। ਫਿਰ ਪੌਲੁਸ ਨੇ ਇਸਰਾਏਲੀਆਂ ਦੇ ਰੱਦੇ ਜਾਣ ਦੀ ਯਾਦ ਦੁਆਉਂਦੇ ਹੋਏ ਕੁਰਿੰਥੀਆਂ ਦੀ ਕਲੀਸੀਆ ਨੂੰ ਸਲਾਹ ਦਿੱਤੀ। ਉਸ ਨੇ ਕਿਹਾ, "ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ ਨਾਲ ਪਰਸੰਨ ਨਹੀਂ ਸੀ ਸੋ ਓਹ ਉਜਾੜ ਵਿੱਚ ਢਹਿ ਪਏ। ਅਤੇ ਏਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ ਭਈ ਅਸੀਂ ਮਾੜੀਆਂ ਗੱਲਾਂ ਦੀਆਂ ਕਾਮਨਾਂ ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ" (1 ਕੁਰਿੰਥੀਆਂ 10:5, 6)। ਰਸੂਲ ਨੇ ਕੁਰਿੰਥੀਆਂ ਨੂੰ ਚੇਤਾਵਨੀ ਦਿੱਤੀ ਕਿ ਉਹ ਜੰਗਲ ਵਿਚਲੇ ਇਸਰਾਏਲੀਆਂ ਵਾਂਗ ਨਾ ਚੱਲਣ ਅਤੇ ਇਸ ਸੰਦਰਭ ਵਿਚ ਉਸ ਨੇ ਕੁਰਿੰਥੀਆਂ ਨੂੰ ਸਿਖਾਇਆ ਕਿ ਉਹ "ਸੁਚੇਤ ਰਹਿਣ" ਤਾਂ ਜੋ "ਡਿੱਗ" ਨਾ ਪੈਣ (1 ਕੁਰਿੰਥੀਆਂ 10:12)।

ਅਬਰਾਹਾਮ ਦਾ ਪਾਪ ਅੱਜ ਸਾਡੇ ਲਈ ਨਾਕਾਰਾਤਮਕ ਉਦਾਹਰਣ ਪ੍ਰਦਾਨ ਕਰਦਾ ਹੈ। ਅਸਲ ਵਿਚ, ਪਰਮੇਸ਼ੁਰ ਦਾ ਵਚਨ ਸਾਨੂੰ ਕਹਿ ਰਿਹਾ ਹੈ, "ਆਪ-ਸੁਆਰਥੀ ਨਾ ਬਣੋ, ਜਿਨ੍ਹਾਂ ਨੂੰ ਤੁਹਾਨੂੰ ਪਿਆਰ ਕਰਨਾ, ਪਾਲਣ ਕਰਨਾ ਅਤੇ ਸੰਭਾਲਣਾ ਚਾਹੀਦਾ ਹੈ ਉਨ੍ਹਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਆਪ ਨੂੰ ਬਚਾਉਣ ਦੇ ਲਈ ਝੂਠ ਅਤੇ ਧੋਖੇ ਦਾ ਜਾਲ ਨਾ ਬੁਣੋ।"

---

ਟਿੱਪਣੀਆਂ

[1]ਕੇਨੇਥ ਏ. ਮੈਥਿਊਜ਼, *ਉਤਪਤ 11:27–50:26,* ਦ ਨਿਊ ਅਮੇਰੀਕਨ ਕਮੈਂਟਰੀ, ਜਿਲਦ. 1 (ਨੈਸ਼ਵਿਲ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 2005), 109. [2]ਗੋਰਡਨ ਜੇ. ਵੇਨਹੈਮ, *ਉਤਪਤ 1–15*, ਵਰਡ ਬਿਬਲੀਕਲ ਕਮੈਂਟਰੀ, ਜਿਲਦ 1 (ਵਾਕੋ, ਟੈਕਸਾਸ: ਵਰਡ ਬੁੱਕਸ, 1987), 274. [3]NASB ਅਨੁਵਾਦ ਵਿਚ 12:2 ਦੇ ਇਬਰਾਨੀ ਵਾਕ ਦਾ ਅਸਲੀ ਅਰਥ ਹੈ: "ਤੂੰ ਇੱਕ ਬਰਕਤ ਹੋਵੇਂਗਾ।" ਪਰ, ਜ਼ਿਆਦਾਤਰ ਅਨੁਵਾਦ, ਹਾਸ਼ੀਏ ਟਿੱਪਣੀਆਂ ਅਤੇ ਫੁੱਟਨੋਟ ਇਹ ਸੰਕੇਤ ਨਹੀਂ ਦਿੰਦੇ ਕਿ ਇਹ ਬਿਆਨ ਸੱਚਮੁੱਚ ਜ਼ਰੂਰੀ ਹੈ। [4]ਇਬਰਾਨੀ ਵਿਚ ਇਸੇ ਸ਼ਬਦ (עֶבֶד, *ਏਬੇਡ*) ਦਾ ਅਰਥ ਹੈ "ਨੌਕਰ" ਜਾਂ "ਗੁਲਾਮ"; ਪਰ ਉੱਪਰਲੇ ਸੰਦਰਭ ਵਿਚ, ਇਹ ਦਾਸਾਂ ਦਾ ਉਲੇਖ ਕਰਦਾ ਜਾਪਦਾ ਹੈ ਕਿਉਂਕਿ 14:14 ਵਿਚ, ਅਬਰਾਹਾਮ ਦੇ 318 ਮੁੰਡਿਆਂ ਨੂੰ "ਘਰਜੰਮ" ਕਿਹਾ ਜਾਂਦਾ ਹੈ। [5]ਅਬਰਾਹਾਮ ਦੇ ਕੋਲ ਨੌਕਰਾਂ/ਦਾਸਾਂ ਦੀ ਇੰਨੀ ਵੱਡੀ ਸੈਨਾ ਸੀ ਜੋ ਪਾਲੀ-ਯੋਧਾ ਸਨ (14:14), ਆਮ ਤੌਰ ਤੇ ਇਹ ਅਨੁਮਾਨ ਲਗਾਇਆ ਜਾਂਦਾ ਸੀ ਕਿ ਉਸ ਦੇ ਦਲ ਵਿਚ ਇੱਕ ਹਜ਼ਾਰ ਲੋਕਾਂ ਤੋਂ ਵੱਧ ਲੋਕ ਸ਼ਾਮਲ ਸਨ, ਜਿਨ੍ਹਾਂ ਵਿਚ ਪਤਨੀਆਂ ਅਤੇ ਬੱਚੇ ਸ਼ਾਮਲ ਸਨ। [6]ਅਬਰਾਹਾਮ ਨੇ ਸ਼ਾਇਦ ਆਪਣੇ ਦਾਸ, ਦਮਿਸ਼ਕੀ ਅਲੀਅਜ਼ਰ ਨੂੰ ਉਸ ਸਮੇਂ ਪ੍ਰਾਪਤ ਕੀਤਾ ਹੋਵੇਗਾ (15:2), ਜਦੋਂ ਉਹ ਹਾਰਾਨ ਤੋਂ ਕਨਾਨ ਵੱਲ ਆਪਣੀ ਯਾਤਰਾ ਦੇ ਸਮੇਂ ਦਮਿਸਕ ਦੇ ਵਿਚੋਂ ਦੀ ਲੰਘ ਰਿਹਾ ਸੀ। [7]ਨਵੇਂ ਨੇਮ ਦੇ ਸਮੇਂ ਵਿਚ, ਸੁਖਾਰ ਸ਼ਕਮ ਦੇ ਪ੍ਰਾਚੀਨ ਸਥਾਨ ਤੇ ਸਥਿਤ ਸੀ (ਯੂਹੰਨਾ 4:5)। ਅੱਜ, ਨਬੁਲਸ ਦਾ ਸ਼ਹਿਰ ਇਸ ਖੇਤਰ ਵਿਚ ਪਾਇਆ ਜਾਂਦਾ ਹੈ। [8]ਇੱਕੋ ਹੀ ਇਬਰਾਨੀ ਮੁਹਾਵਰੇ ਦੀ ਵਰਤੋਂ ਬਿਵਸਥਾ ਸਾਰ 11:30 ਵਿਚ ਕੀਤੀ ਗਈ ਹੈ: "ਮੋਰਹ ਦੇ ਬਲੂਤਾਂ।" [9]ਪਰਮੇਸ਼ੁਰ ਨੇ ਪਹਿਲਾਂ ਹਾਰਾਨ ਵਿਚ ਵੀ ਅਬਰਾਹਾਮ ਦੇ ਨਾਲ ਗੱਲ ਕੀਤੀ ਸੀ (12:1, 4), ਪਰ ਕੋਈ ਰੂਪ ਦਾ ਉਲੇਖ ਨਹੀਂ ਹੈ। [10]ਵੇਖੋ 13:15, 16; 15:18; 17:7-10, 12, 19; 22:17, 18; 24:7; 26:3; 28:4, 13.

[11]ਪੁਰਖਿਆਂ ਦੇ ਦੁਆਰਾ ਕਈ ਜਗਵੇਦੀਆਂ ਬਣਾਈਆਂ ਗਈਆਂ ਸਨ: ਅਬਰਾਹਾਮ ਨੇ ਸ਼ਕਮ (12:7), ਬੈਤ-ਏਲ (12:8), ਹਬਰੋਨ (13:18) ਅਤੇ ਮੋਰੀਆਹ ਪਹਾੜ (22:9); ਇਸਹਾਕ ਨੇ ਬਏਰਸਬਾ ਵਿਚ (26:25); ਅਤੇ ਯਾਕੂਬ ਨੇ ਸ਼ਕਮ (33:20) ਅਤੇ ਬੈਤਏਲ ਵਿਚ (35:7)। [12]ਅਈ ਦੀ ਪਹਿਚਾਣ ਦੇ ਵਿਸ਼ੇ ਵਿਚ ਚਰਚਾ ਦੇ ਲਈ, *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ ਵੇਖੋ ਆਰ. ਕੇ. ਹਰੀਸਨ, "ਅਈ," ਸੋਧਿਆਸੰਸਕਰਣ, ਸੋਧ ਜੈਫ਼ਰੀ ਡਬਲਿਯੂ ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਏਡਰਮੈਨਸ ਪਬਲਿਸ਼ਿੰਗ ਕੰਪਨੀ, 1979), 1:81-84. [13]ਬਾਈਬਲ ਦੇ ਬਾਹਰ ਦੇ ਪ੍ਰਾਚੀਨ ਰਿਕਾਡਰਾਂ ਤੋਂ ਇਹ ਖੁਲਾਸਾ ਹੋਇਆ ਹੈ ਕਿ ਸੋਕੇ/ਕਾਲ ਤੋਂ ਬਚਣ ਦੇ ਲਈ ਮਿਸਰ ਵਿਚ ਆ ਰਹੇ ਹਨ। ਉਦਾਹਰਣ ਦੇ ਤੌਰ ਤੇ, ਮਿਸਰ ਦੀ ਇੱਕ ਪੱਤ੍ਰੀ ਤੋਂ ਪਤਾ ਲੱਗਦਾ ਹੈ ਕਿ ਬੇਡੂਨੀ ਗੋਤ ਨੂੰ ਮਿਸਰ ਵਿਚ ਦਾਖਲ ਹੋਣ ਅਤੇ ਪਾਣੀ ਦੇ ਤਲਾਬਾਂ ਨੂੰ ਇਸਤੇਮਾਲ ਕਰਨ ਦੀ ਇਜਾਜ਼ਤ

ਸੀ ਤਾਂ ਕਿ "ਤਾਂ ਕਿ ਉਹ ਅਤੇ ਉਨ੍ਹਾਂ ਦੇ ਪਸ਼ੂ ਜੀਉਂਦੇ ਰਹਿ ਸਕਣ" (ਜੌਨ ਏ. ਵਿਲਸਨ, ਅਨੁਵਾਦ, "ਦ ਰਿਪੋਰਟ ਆਫ਼ ਫਰੰਟੀਅਰ ਆਫੀਸ਼ੀਅਲ," *ਏਨਸ਼ੈਂਟ ਨੀਅਰ ਈਸਟਰਨ ਟੈਕਸਟਸ ਰੀਲੇਟਿੰਗ ਟੂ ਦ ਓਲਡ ਟੈਸਟਾਮੈਂਟ*, ਤੀਸਰੀ ਸੋਧ, ਸੋਧ ਜੇਮਸ ਬੀ. ਪਰਿਚਰਡ [ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969], 259)। [14]ਅਬਰਾਹਾਮ ਜਦੋਂ ਹਾਰਾਨ ਤੋਂ ਤੁਰਿਆ ਸੀ ਉਸ ਸਮੇਂ ਪਚੱਤਰਾਂ ਸਾਲਾਂ ਦਾ ਸੀ (12:4) ਅਤੇ ਉਸ ਤੋਂ ਦੱਸ ਸਾਲ ਛੋਟੀ ਸੀ (17:17)। [15]ਮਿਸਰ ਦੀ ਭਾਸ਼ਾ ਵਿਚ ਸ਼ਬਦ "ਫਾਰੋ" ਦਾ ਅਸਲੀ ਅਰਥ "ਮਹਾਨ ਘਰ," ਇਹ ਰਾਜੇ ਦੇ ਮਹਿਲ ਦਾ ਇੱਕ ਹਵਾਲਾ ਸੀ। ਸਮੇਂ ਦੇ ਨਾਲ ਨਾਲ, ਇਹ ਰਾਜੇ ਦੇ ਇੱਕ ਸਿਰਲੇਖ ਦੇ ਰੂਪ ਵਿਚ ਵਰਤਿਆ ਜਾਣ ਲੱਗਾ। [16]ਇਸ ਭੁਗਤਾਨ ਨੂੰ ਇੱਕ "ਲਾੜੀ ਦੀ ਕੀਮਤ" (מֹהַר, *ਮੋਹਰ*) ਦੇ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ (ਵੇਖੋ 34:11, 12; ਕੂਚ 22:16; 1 ਸਮੂਏਲ 18:22-27)। ਕਿਉਂਕਿ ਸਾਰਾਹ ਦਾ ਪਿਤਾ ਤਾਰਹ ਹੁਣ ਜ਼ਿੰਦਾ ਨਹੀ ਸੀ (11:32), ਇਸ ਲਈ ਉਸ ਦੇ ਭਰਾ ਅਬਰਾਹਾਮ ਨੂੰ ਲਾੜੀ ਦੀ ਕੀਮਤ ਅਦਾ ਕੀਤੀ ਗਈ ਸੀ। [17]ਜੇਕਰ ਅਕਾਲ ਦੇ ਕਾਰਣ ਅਬਰਾਹਾਮ ਨੂੰ ਕਨਾਨ ਛੱਡਣਾ ਪਿਆ ਅਤੇ ਮਿਸਰ ਵਿਚ ਜਾਣਾ ਪਿਆ, ਤਾਂ ਇਹ ਮੰਨਣਾ ਉਚਿਤ ਹੈ ਕਿ ਲੂਤ ਅਤੇ ਉਸ ਦੇ ਨਾਲ ਦੇ ਸਾਰੇ ਲੋਕਾਂ ਨੂੰ, ਉਸ ਦੇ ਸਾਰੇ ਪਸ਼ੂਆਂ ਦੇ ਨਾਲ, ਭੋਜਨ ਅਤੇ ਪਾਣੀ ਦੀ ਭਾਲ ਵਿਚ ਉਸ ਦੇ ਨਾਲ ਜਾਣਾ ਪਿਆ ਸੀ। [18]ਜੂਰੀਸ ਜ਼ਾਰਿਨਜ਼, *ਦ ਐਂਕਰ ਬਾਈਬਲ ਡਿਕਸ਼ਨਰੀ* ਵਿਚ "ਊਠ," ਸੋਧ ਡੇਵਿਡ ਨੋਇਲ ਫਰੀਡਮੈਨ (ਨਿਊ ਯਾਰਕ: ਡਬਲਡੇ, 1992), 1:825-26. [19]2 ਰਾਜਿਆਂ 15:5 ਵਿਚ *ਨੇਗਾ* ਦਾ ਕਿਰਿਆ ਰੂਪ ਇਸਤੇਮਾਲ ਕੀਤਾ ਗਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ "ਪ੍ਰਭੂ ਨੇ ਰਾਜੇ ਨੂੰ *ਮਾਰਿਆ*" (ਜ਼ੋਰ ਦਿੱਤਾ ਗਿਆ ਹੈ)। [20]ਪਰ, 20:11-13 ਵਿਚ ਇਸੇ ਤਰ੍ਹਾਂ ਦੀ ਇੱਕ ਸਥਿਤੀ ਵਿਚ ਉਸ ਦੀ ਪ੍ਰਕਿਰਿਆ ਦਰਜ ਕੀਤੀ ਗਈ ਹੈ।

[21]ਗੇਹਾਰਡ ਫ੍ਰੇਡਰਿਚ, *ਥਿਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ*, ਵਿਚ "εὐαγγελίζομαι," ਅਨੁਵਾਦ ਅਤੇ ਸੋਧ ਜੈਫ਼ਰੀ ਡਬਲਿਯੂ ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਏਡਰਮੈਨਸ ਪਬਲਿਸ਼ਿੰਗ ਕੰਪਨੀ, 1964), 2:707-8. [22]ਜਦੋਂ ਪ੍ਰਭੂ ਨੇ ਬਾਈਬਲ ਦੇ ਹੋਰਨਾਂ ਮਹੱਤਵਪੂਰਣ ਪਾਤਰਾਂ ਨੂੰ ਆਪਣੇ ਪੁਰਾਣੇ ਜੀਵਨ ਨੂੰ ਛੱਡਣ ਅਤੇ ਖਾਸ ਮਿਸ਼ਨਾਂ ਤੇ ਜਾਣ ਦੇ ਲਈ ਬੁਲਾਇਆ ਤਾਂ ਉਸ ਨੇ ਉਨ੍ਹਾਂ ਉੱਤੇ ਪ੍ਰਤੱਖ ਦਰਸ਼ਣ ਦੇ ਕੇ ਆਪਣੇ ਆਪ ਨੂੰ ਪਰਗਟ ਕੀਤਾ। ਪ੍ਰਮੁੱਖ ਉਦਾਹਰਣਾਂ ਮੂਸਾ (ਕੂਚ 3:1–4:17), ਯਸਾਯਾਹ (ਯਸਾਯਾਹ 6:1-13) ਅਤੇ ਤਰਸੁਸ ਦਾ ਸ਼ਾਊਲ (ਰਸੂਲਾਂ ਦੇ ਕਰਤੱਬ 9:3-20)। [23]ਪੁਰਾਰਤੱਵ ਵਿਗਿਆਨੀਆਂ ਨੇ ਖੋਜ ਲਿਆ ਹੈ ਕਿ ਪ੍ਰਾਚੀਨ ਸ਼ਕਮ ਦੀ ਪੁਰਾਣੀ ਬਸਤੀ ਜੋ ਕਿ 4500 ਈ.ਪੂ. ਅਤੇ ਅਬਰਾਹਾਮ ਦੇ ਸਮੇਂ ਦੇ ਨੇੜੇ, ਸਾਇਟ ਤੇ ਇੱਕ ਵੱਡਾ ਸੰਗਠਿਤ ਸੰਗਠਨ ਸੀ। *ਦ ਐਂਕਰ ਬਾਈਬਲ ਡਿਕਸ਼ਨਰੀ* ਵਿਚ, ਲੋਰੇਂਸ ਈ. ਟੂਬਜ਼, "ਸ਼ਕਮ (ਪਲੇਸ) ਵੇਖੋ," ਸੋਧ. ਡੇਵਿਡ ਨੋਇਲ ਫਰੀਡਮੈਨ (ਨਿਊ ਯਾਰਕ: ਡਬਲਡੇ, 1992), 5:1178-79. [24]1 ਰਾਜਿਆਂ 18:16–19:18 ਵਿਚ ਏਲੀਯਾਹ ਦੇ ਤਜਰਬੇ ਦੀ ਤੁਲਨਾ ਕਰੋ। [25]ਉਤਪਤੀ ਵਿਚ ਕਈ ਮਾਮਲਿਆਂ ਵਿਚ ਅਬਰਾਹਾਮ ਵਿਚ ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੋ ਗਿਆ ਹੈ, ਜਦੋਂ ਉਸ ਨੇ ਦਮਿਸ਼ਕ ਦੇ ਅਲੀਅਜ਼ਰ ਨੂੰ ਆਪਣੇ ਵਾਰਸ ਦੇ ਰੂਪ ਵਿਚ ਅਪਣਾਉਣ ਦੀ ਕੋਸ਼ਿਸ਼ ਕੀਤੀ (15:2-4) ਅਤੇ ਜਦੋਂ ਉਹ ਹਾਜਰਾ ਦੇ ਦੁਆਰਾ ਜੋ ਸਾਰਾਹ ਦੀ ਗੋਲੀ ਸੀ, ਇੱਕ ਬੱਚੇ ਨੂੰ ਪ੍ਰਾਪਤ ਕਰਨ ਦੇ ਲਈ ਤਿਆਰ ਹੋ ਗਿਆ ਸੀ (16:1-4)। ਇਹ ਫਿਰ ਵੇਖਿਆ ਜਾਂਦਾ ਹੈ ਕਿ ਜਦੋਂ ਉਹ ਅਵਿਸ਼ਵਾਸ ਦੇ ਨਾਲ ਇਸ ਗੱਲ ਦੇ ਲਈ ਹੱਸਿਆ ਕਿ ਸਾਰਾਹ ਦੇ ਇਸ ਬੁਢਾਪੇ ਵਿਚ ਇੱਕ ਬੱਚਾ ਪੈਦਾ ਹੋ ਸਕਦਾ ਹੈ ਅਤੇ ਉਸ ਨੇ ਪਰਮੇਸ਼ੁਰ ਦੇ ਸਾਹਮਣੇ ਬੇਨਤੀ ਕੀਤੀ ਕਿ ਪਰਮੇਸ਼ੁਰ ਇਸਮਾਏਲ ਨੂੰ ਹੀ ਉਸ ਦੇ ਵਾਰਸ ਦੇ ਰੂਪ ਵਿਚ ਰਹਿਣ ਦੇਵੇ (17:15-18)। ਆਖਿਰਕਾਰ, ਇਹ ਵਿਹਾਰ ਇੱਕ ਵਾਰ ਫਿਰ ਪਰਗਟ ਹੋਇਆ ਸੀ ਜਦੋਂ ਉਸ ਨੇ ਦੁਬਾਰਾ ਝੂਠ ਬੋਲਿਆ, ਜਿਵੇਂ ਉਸ ਨੇ ਮਿਸਰ ਵਿਚ ਕੀਤਾ ਸੀ, ਗਰਾਰ ਦੇ ਰਾਜੇ ਨੂੰ ਇਹ ਖਬਰ ਦਿੰਦੇ ਹੋਏ ਕ ਸਾਰਾਹ ਉਸ ਦੀ ਭੈਣ ਸੀ (20:1, 2)।